ਬਿਧਿ ਕਿਉਂ ਅਜ ਨੰਦਨ ਆਜ ਜੀਐ ਪਲ ਬੀਤਤ ਹੈ ਰਘੁਨਾਥ ਬਿਨਾ ॥
ਤਬ ਰਾਮ ਹੀ ਰਾਮ ਪੁਕਾਰ ਪੁਕਾਰ ਏ ਰਾਮ ਏ ਰਾਮ ਤੂ ਆਵਸਨਾ ॥
ਜਿਨਕੇ ਸੁਤ ਰਾਮ ਸੇ ਜੋਗ ਧਰੈ ਭਾਈ ਨਿਆਇ ਹੀ ਤੇ ਮਰ ਜਾਇ ਕਿਨਾ ॥੮੮॥

ਸਵੈਯਾ—ਆਯੁ ਬਢੀ ਤੁ ਕਹਾ ਬਿਨ ਰਾਮਹਿ ਲੋਮਸ ਤੇ ਬਰਨੋ ਅਧਿਕਾਈ ॥
ਰਾਮ ਕੇ ਰਾਜ ਤਪਯੋ ਤਪ ਤੀਛਨ ਆਪਨੇ ਕਾਜ ਨ ਛਾਨ ਛਵਾਈ ॥
ਤਾਤ ਸੋਈ ਪੁਨਿ ਮਾਤ ਸੋਈ ਸੋਈ ਪੂਤ ਸਹੀ ਸੁਨਿ ਹੈ ਸੋਈ ਭਾਈ ॥
ਰਾਮ ਬਿਯੋਗ [2]ਬਿਸੂਰਿ ਬਿਸੂਰਿ ਭਿਦੈ ਛਤੀਆਂ ਜਿਨ ਦੇਹੁ ਗਵਾਈ ॥੮੯॥

ਇਤਿ ਸ੍ਰੀ ਰਾਮਗੀਤੇ ਰਾਮ ਚੰਦ੍ਰ ਬਿਯੋਗ ਦੁਤਿਯੋ ਅੰਕ ॥੨॥

—o—

੧. ਪ੍ਰਾਤਕਾਲ ੨. ਝੂਰਨਾ।

ਅਥ ਤੀਸਰਾ ਅੰਕ

ਦੋਹਰਾ—ਇਹ ਬਿਧਿ ਭੂਪਤਿ ਦੇਹ ਤਜ ਸੁਰਪਤਿ ਭਵਨ ਪਯਾਨ ॥
ਨੇਹੁ ਨਿਬਾਹਨ ਕੋ ਪੁਰਖ ਦਸਰਥ ਤੇ ਨਹਿ ਆਨ ॥੧॥
ਸੋਰਠਾ—ਮੰਤਰੀ ਸਭ ਬਿਲਖਾਹਿ ਛੂਟਿਓ ਰਾਜ ਰਘੁਬੰਸ ਤੇ ॥
ਰਾਮਚੰਦ ਘਰ ਨਾਹਿ ਭਰਤ ਬਿਦੇਸੀ ਮ੍ਰਿਤਕ ਨ੍ਰਿਪ ॥੨॥
ਸਵੈਯਾ—ਬੈਠ ਬਿਚਾਰ ਬਸਿਸ਼੍ਟ ਕੀਓ ਉਤ ਨੈਨ ਵਹੈ ਇਤ ਮੰਤ੍ਰ ਕਰੈ॥
ਲਿਖ ਜੋ ਰਘੁਬੀਰਹਿ ਬੋਲਤ ਹੈਂ ਸੁ ਨ ਰਾਜ ਸਿੰਘਾਸਨ ਪਾਇ ਧਰੈ॥
ਅਬ ਜੌ ਇਹ ਭਾਂਤ ਕੀ ਬਾਤ ਸਬੈ ਭਰਤੈ ਲਿਖਹੈਂ ਸੋਈ ਬੀਚ ਮਰੈ॥
ਕਹੋ ਕੌਨ ਉਪਾਉ ਕਰੌਂ ਜਿਹ ਤੈ ਘਰ ਰਾਜ ਰਹੈ ਦੁਖ ਰਾਮ ਹਰੈ ॥੩॥
ਸਵੈਯਾ—ਆਇ ਗਈ ਸਭ ਕੇ ਮਨ ਮੈ ਭਰਤੈ ਲਿਖਕੈ ਇਹ ਭਾਂਤ ਪਠਾਵੈਂ॥
ਸ੍ਰੀ ਰਘੁਬੀਰ ਭੁਜਾ ਧਰ ਰਾਜ ਬਿਚਾਰਤ ਭੂਪਤਿ ਨੈਨ [1]ਸਿਰਾਵੈਂ॥
ਤਾਂਹੀ ਤੇ ਬੇਗ ਬਿਸਾਰ ਸਬੈ ਸੁਖ ਆਵਹੁ ਪੂਤ ਬਿਲੰਬ ਨ ਲਾਵੌ॥
ਤੋਹਿ ਕੋ ਰਾਮ ਕੇ ਪਾਇਨ ਸੌਂਪਿ ਬਸੋਂ ਬਨ ਮੈ ਤੁਮਹੂੰ ਸੁਖ ਪਾਵੌਂ ॥੪॥

ਬਸਿਸ਼੍ਟਉ ਵਾਚ ਦੂਤ ਸੌਂ

ਕਬਿੱਤ—ਰਾਜਾ ਬਿਨ ਭਏ ਰਾਂਕ ਸੁਨੋ ਦੂਤ ਚਾਰ ਬਾਂਕ ਇਹਾਂ ਕੋ ਕਸੂਤ ਵਾਂਕੋ ਨੈਕ ਨ ਸੁਨਾਇਬੋ ॥ ਜੋ ਤੌਂ ਤੋਹਿ ਆਪਨ ਤੇ ਬੂਝੈ ਰਾਜਾ ਰਾਮ ਨੀਕੇ ਸਬਹੀ ਕੋ ਕੁਸਲ ਸਮਾਜ ਰਾਜ ਗਾਇਬੋ ॥ ਔਰ ਕੋਊ ਕਬਹੂੰ ਕਦਾਂਚ [2]ਢਿਗ ਬੋਲ ਉਠੈ ਨਾਂਹੀਂ ਦੁਖ ਪਾਛੇ ਨੈਨ ਸੈਨ ਸਮਝਾਇਬੋ ॥ ਬੂਡਤ ਹੈ ਰਾਜ ਕੋ ਕੁਸਾਜ ਹ੍ਵੈ ਗਯੋ ਹੈ ਆਜ ਲਾਖ ਫੇਰ[3] ਘੇਰ ਸੋਂ ਭਰਤ ਘਰ ਲਿਆਇਬੋ ॥੫॥

ਭਰਤ ਪ੍ਰਤਿ ਪਤ੍ਰਕਾ

ਛਪੈ ॥ ਸ੍ਵਸਤਿ ਸ੍ਰੀ ਰਘੁਬੰਸ ਮੌਲ ਮੁਕਟਾ ਮਣਿ ਉਦਿਭਟ ॥ [4]ਅਰਿ [5]ਗੰਜਨਿ ਸ੍ਰੀ

੧. ਸੀਤਲ ਕਰਨਾ ੨. ਸਮੀਪ ੩. ਤਤਬੀਰ ੪. ਸ਼ਤਰੂ ੫. ਨਾਸਕ।

ਭਰਤ ਦਾਨਿ ਭਿੱਛਕਨਿ ਕਲਪ ਬਟ ॥ ਤੇਜ [1]ਪੁੰਜ ਰਣ ਧੀਰ ਬਿਪਤਿ ਖੰਡਣ ਸੁਤ ਬਲ ਭਟ ॥ ਧਰਮ ਕਰਮ ਮੈ ਸਰਸ ਭਯੋ ਕਬਹੂੰ ਨਹਿ ਪਾਪ ਨਿਕਟ ॥ ਰਾਜਾਧਿਰਾਜ ਦਸਰਥ ਬਚਨ ਲਿਖ ਬਸਿਸ਼ ਤੁਮ ਸੋ ਕਰਹੁ ॥ ਸੁਨ ਨ੍ਹਾਤ ਖਾਤ ਸੋਵਤ ਉਠਤ ਲੈ ਪਾਤੀ ਮਗ ਪਗ ਧਰਹੁ ॥੬॥

ਸਵੈਯਾ—ਔਰ ਬਨਾਇ ਲਿਖੀ ਪਤੀਆ ਬਤੀਆਂ ਰਿਖਿਜੇ ਸਬ ਪਾਛੇ ਈ ਭਾਖੀ ॥
ਹਾਥ ਦਈ ਸੁ ਚਲੇ ਧਰਿ ਸੀਸ ਗਣੇਸ਼ ਮਨਾਇ ਭਯੋ [2]ਅਭਿਲਾਖੀ ॥
ਭੂਪਤਿ ਕੋ ਨਹੀ ਦਾਹ ਦੀਓ ਬਿਨ ਪੂਤ ਕਿਯੋ ਸਸਿ ਸੂਰਜ ਸਾਖੀ ॥
ਰਾਮ ਸਨੇਹ ਛੁਟੀ ਨ੍ਰਿਪ ਦੇਹ ਸੁ ਪਾਛੇਊ ਮੇਲ [3]ਸਨੇਹ ਮੈ ਰਾਖੀ ॥੭॥

ਕਬਿੱਤ—ਚਲੀ ਜਬ ਪਾਤੀ ਕਾਂਪੀ ਦੁਹਨ ਕੀ ਛਾਤੀ ਆਗੇ ਆਗਮ ਜਨਾਯੋ ਰਾਮ ਭਰਤ ਕੁਮਾਰ ਕੋ ॥ ਕਹਿਨ ਲਾਗਯੋ ਭਰਤ ਬੋਲਿ ਨੇਬ ਮੰਤ੍ਰਨ ਸੋਂ ਪਠਯੋ ਲੈ ਆਵੈ ਕੋਊ ਤਾਤ ਸਮਾਚਾਰ ਕੋ ॥ ਪਵਨ ਪ੍ਰਚੰਡ ਘਨਘੋਰ ਉਠੇ ਚਹੂੰ ਓਰ [4]ਜੰਬੁਕ ਪੁਕਾਰਤ ਹੈਂ ਆਜ ਭੁਨ ਸਾਰ ਕੋ ॥ ਜੋਤਸੀ ਕਹਤ ਰਾਜਾ ਦਸਰਥ ਨੀਕੇ ਹੂਜੋ ਨੀਕੇ ਰਾਮ ਚੰਦ ਸੁਖ ਹੂਜੋ ਪਰਵਾਰ ਕੋ ॥੮॥

ਸੋਰਠਾ—ਤਬ ਲਗ ਆਯੋ ਦੂਤ ਲੈ ਪਾਤੀ ਪਹੁਚਯੋ ਤਹਾਂ ॥
ਦੇਖਯੋ ਭਰਤ ਸਪੂਤ ਪੂਛੈ ਬਾਤੇਂ ਪ੍ਰੇਮ ਸੋਂ ॥੯॥

ਪ੍ਰਸ਼ਨੋਤ੍ਰ ਭਰਤ ਅਤੇ ਦੂਤ ਦੇ

ਸਵੈਯਾ—ਰਾਮ ਕਹੋ ਸੁਖ ਸੌਂ ਘਰ ਹੈਂ, ਸੋਈ ਰਾਮ ਬਿਰਾਜਤ ਭੂਤਲ ਮੈਂ ॥
ਸਬ ਦੇਸ ਬਸੈ ਬਰਖਾ ਵਰਸੈ, ਅਰ ਭੂਪਤਿ ਹੈਂ ਅਪਨੇ ਬਲ ਮੈ ॥
ਤਬ ਦੂਤ ਬਨਾਇ ਕਹੀ ਬਤੀਆਂ, ਮਨ ਧੀਰਜ ਟੂਟ ਗਯੋ ਪਲ ਮੈ ॥
[5]ਛਬਿ ਛੀਨ ਭਈ ਛਿਨ ਮੈ ਮੁਖ ਕੀ, ਜਨ ਤੋਰਿ ਸਰੋਜ ਧਰਿਓ ਜਲ ਮੈ ॥੧੦॥

ਸਵੈਯਾ—ਧਾਇ ਚਲਿਓ ਉਤਸਾਹੁ ਬਢਿਓ ਮਨ ਰਾਮ ਕੋ ਰਾਜ ਸੁਨਿਓ ਸੁਖ ਪਾਯੋ ॥
ਜਾਇ ਸੁਨੋਂ ਸਬ ਕੇ ਮੁਖ ਤੇ, ਚਢਿ ਰਾਜ ਸਿੰਘਾਸਨ ਛਤ੍ਰ ਤਨਾਯੋ ॥
ਆਇਕੈ ਗਾਊਂ ਮੈ ਪਾਊਂ ਦਯੋ ਮਨ ਸੋਕ ਬਢਯੋ ਸੁਭ ਸੋਨ ਪਾਯੋ ॥

੧. ਸਮੂਹ ੨. ਚਾਹਨੇ ਵਾਲਾ ੩. ਤੇਲ ੪. ਗਿੱਦੜ ੫. ਸੋਭਾ।

ਕੈ ਰਘੁਬੀਰ ਨਹੀਂ ਘਰ ਮੈ, ਕੈ ਪਿਤਾ ਮਰ ਕੈ ਸੁਰਲੋਕ ਸਿਧਾਯੋ ॥੧੧॥

ਕਬਿੱਤ—ਲੋਕ ਬੈਠੇ ਮਾਨੋ ਮੁਨਿ ਕਹੂੰ ਨ ਮ੍ਰਿਦੰਗ ਧੁਨ ਦੇਖੀਏ ਨ ਕਹੂੰ ਰਾਜ ਧਾਮ ਨ ਧੁਜਾ ਲਸੈ ॥ ਹਾਥੀ ਹਥਿਆਤ ਨਾਹੀਂ ਬਾਜੀ ਹਿਨਨਾਤ ਨਾਹੀਂ ਨਾਚਤ ਨ ਗਾਵਤ ਸੁ ਮਾਨੋ ਬਿਨ ਜੀ ਬਸੈ ॥ ਦੂਤ ਕਹੀ ਝੂਠੀ ਬਾਤ ਇਹਾਂ ਉਤ ਪਾਤ ਕਛੂ ਬੀਰ ਬਿਨ ਮੇਰੇ ਕੰਠ ਕਹੋ ਜਲ ਕਸੋਂ ਧਸੈ ॥ ਪੀਐ ਨ ਬਛੇਰੂ ਦੂਧ ਗੇਰੂ ਡੋਲੈਂ ਸਬ ਰਾਮ ਰਾਜ ਹੋਇ ਤੌ ਪੰਖੇਰੂ ਬਨ ਕੇ ਹਸੈ ॥੧੨॥

ਕਬਿੱਤ ॥ ਦੇਖਕੈ ਭਰਤ ਸਬ ਨਾਇ ਰਹੇ ਸੀਸ ਕਹੂੰ ਪਾਇ ਹੂੰ ਨ ਛੁਵੇ ਕੋਈ ਦੇਤ ਨ ਅਸੀਸ ਕੋ ॥ ਹਾਟ ਹਟਤਾਰ ਕਰੀ ਸੂਨੀ ਚਟਸਾਰ ਪਰੀ ਦ੍ਵਾਰ ਦੈ ਕਿਵਾਰ ਸਬ ਜਪੈਂ ਜਗਦੀਸ ਕੋ ॥ ਏਕ ਮਨ ਕਰੇ ਘਰ ਪਾਊਂ ਨਹੀਂ ਪਾਊਂ ਭਾਈ ਬੂਝਤ ਲਜਾਊਂ ਕਹਾ ਭਯੋ ਦੇਸ਼ ਈਸ ਕੋ ॥ ਆਏ ਭੌਨ ਮਾਤ ਬੂਝੇ ਸਮਾਚਾਰ ਤਾਤ ਕੇ ਕਹੌ ਨ ਬੇਗ ਪਾਪਨਿ ਹੌਂ ਜਾ ਨਿਵਾਊਂ ਸੀਸ ਕੋ ॥੧੩॥

ਪ੍ਰਸ਼ਨੋਤਰ ਭਰਤ ਕੇ ਮਾਤਾ ਸੋ

ਕਬਿੱਤ ॥ ਮਾਤ ਤਾਤ ਹੈ ਸੁ ਕਹਾਂ ਪੂਤ ਹੈ ਸੁਰੇਸ ਜਹਾਂ ਤਹਾਂ ਕੌਨ ਕਾਜ ਗਯੋ ਦੇਹ ਛੁਟੀ ਪੂਤ ਪੀਰ ਤੇ ॥ ਕੌਨ ਸੋ ਸਪੂਤ ਤੁਮ ਸਬ ਹੀ ਤੇ ਬਡੋ ਭਾਈ ਰਾਮ ਹੈਂ ਸੁ ਕਹਾਂ ਬਨ ਗਏ ਨ੍ਰਿਪ ਤੀਰ ਤੇ ॥ ਭੂਪਤਿ ਪਠਾਯੋ ਨਹੀਂ ਮਾਂਗੇ ਬਰ ਪਾਯੋ ਮੈਂ ਤੋ ਰਾਜ ਤੁਮੈ ਰਾਖਿਓ ਛੀਨ ਲੀਨੋ ਰਘੁਬੀਰ ਤੇ ॥ ਕਹਾਂ ਹੋਇ ਮੋ ਤੇ ਅਬ ਹੌਂ ਹੂੰ ਗਯੋ ਤੋ ਤੇ ਤੂੰ ਜੋ ਪੇਟ ਆਸ ਦੌਰੀ ਪਾਲਜੋ ਪੂਤ ਡਾਰਿਓ ਚੀਰ ਤੇ ॥੧੪॥

ਕਬਿੱਤ—ਐਸੀ ਰਿਸ ਆਵਤ ਹੈ ਮਾਰ ਛਾਰ ਕਰੋਂ ਤੋਹਿ ਮਾਤ ਜਾਨ ਛਾਡੋਂ ਸੁਨ ਰਾਜਨੀਤਿ ਅੰਕ ਤੇ ॥ ਕੌਨ ਕਾਜ ਰਾਜ ਸੁਨ ਪਾਪਨੀ ਅਕਾਜ ਕੀਨੋ ਲਾਜ ਬਿਨ ਜੀਵਤ ਨ ਧਰਮ ਨ ਸੰਕ ਤੇ ॥ ਐਸੋ ਕਾਮ ਕੀਨੋ ਤੈਂ ਤੋ ਰਾਮਹਿ ਬਨਬਾਸ ਦੀਨੋ ਮਾਰਜੋ ਪਤਿ ਪਲ ਮੈ ਨ ਡਰਤ ਕਲੰਕ ਤੇ ॥ ਰਾਮ ਕੋ ਬਤਾਊਂ ਬੂਝੋਂ ਬਾਟ ਕੇ ਬਟਾਊਂ ਪਟਫਾਰ ਹੋਊਂ ਜੋਗੀ ਭੀਖ ਮਾਂਗੋਂ

ਰਾਇ ਰੰਕ ਤੇ ॥੧੫॥

ਸਵੈਯਾ—ਰਾਮ ਕੋ ਰਾਜ ਸੁਨਜੋਂ [1]ਸਹਸਫਨਿ ਭੂਮ ਕੋ ਭਾਰ ਬਿਸਾਰ ਦਯੋ ਹੈ ॥
ਜਾਨਿ ਸਪੂਤ ਭਯੋ ਕੁਲ ਮੈ ਰਵਿ ਕੋ ਜਸ ਦੇਵਨ ਮਾਂਹਿ ਛਯੋ ਹੈ ॥
ਰਾਵਨ ਕੇ ਦੁਖ ਤੇ [2]ਅਮਰਾਪਤਿ ਢੋਲ ਬਜਾਇ ਨ ਚੀਤ ਭਯੋ ਹੈ ॥
ਪਾਪਨਿ ਕੇ ਛਲ ਤੇ ਖਿਨ ਮੈ ਬਨ ਮੈ ਸੋਊ ਤੇ ਰਘੁਬੀਰ ਗਯੋ ਹੈ ॥੧੬॥

ਸਵੈਯਾ—ਤੌ ਲਗ ਆਇ ਬਸਿਸ਼੍ਟ ਕਹਜੋ ਤੁਮ ਤਾਤ ਕੋ ਦਾਹ ਕਰੋ ਸੁਤ ਮੇਰੇ ॥
ਬੇਦ ਬਿਚਾਰ ਕੀਓ ਬਿਧਿ ਸੋਂ ਪੁਨ ਰੋਇ ਕਹਜੋ ਕਹੂੰ ਰਾਮ ਨ ਨੇਰੇ ॥
ਲੈ ਰਥ ਬਾਰਣ ਬਾਜਿ ਪਦਾਂਤ ਚਲਜੋ ਤਜ ਦੇਸ ਫਿਰਜੋ ਨਹਿ ਫੇਰੇ ॥
ਪ੍ਰਾਣ ਤਜੋਂ ਕਿ ਭਜੋਂ ਰਘੁਬੀਰਹਿ ਨੀਰ ਪੀਊਂ ਨ ਬਿਨਾ ਮੁਖ ਹੇਰੇ ॥੧੭॥

ਸਵੈਯਾ—ਤੌ ਲਗ ਸ੍ਰੀ ਰਘੁਬੀਰ [3]ਪਖਾਨ ਸਿਲਾ ਕਹੁ ਤਾਰ ਧਸੇ ਬਨ ਮਾਹੀਂ ॥
ਆਨਿ ਬਸੇ ਗੁਰਕੇ ਦਿਨ ਦ੍ਵੈ ਪਿਤ ਕੀ ਗਤਿ ਕੌਨ ਭਈ ਬਿਲਖਾਹੀਂ ॥
ਰਾਮ ਕਹੀ ਸੁਧਿ ਲੇਹੁ ਸਬੈ ਯਹਿ ਕੇਕਈ ਨੰਦਨ ਹੋਇ ਕੇ ਨਾਹੀਂ ॥
ਛੱਤ੍ਰ ਧੁਜਾ ਸੰਗ ਰਾਜ ਸਮਾਜ ਸੁ ਪਾਇਨ ਆਵਤ ਪਾਗ ਬਿਨਾਹੀਂ ॥੧੮॥

ਦੋਹਰਾ ॥ ਆਇਸ ਜਬ ਰਘੁਪਤਿ ਦਈ ਦੌਰੇ ਸਬ ਸਿਰ ਨਾਇ ॥
[4]ਭਟਨ ਬੂਝ ਧਸ ਕਟਕ ਮੈ ਭਰਤ ਨਿਹਾਰਜੋ ਜਾਇ ॥੧੯॥

ਸੋਰਠਾ—ਅਤਿ ਦੁਰਬਲ ਸਬ ਗਾਤ ਰਾਮ ਪੁਕਾਰਤ ਰਾਮ ਕਵਿ ॥
ਲੋਚਨ [5]ਸਲਲ ਚੁਚਾਤ ਬੀਰ ਬਿਰਹਿ ਪੁਨ ਤਾਤ ਦੁਖ ॥੨੦॥

ਸਵੈਯਾ—ਦੂਤ ਕਹੈ ਫਿਰ ਲੈ ਬਤੀਆਂ ਸਬ ਲੋਗਨ ਰਾਮ ਜੁ ਯੌਂ ਸਮਝਾਵੈਂ ॥
ਰਾਜ ਕੀ ਬਾਤ ਖਰੀ ਵਿਪਰੀਤ ਭਲੇ ਮਨ ਕੇਕਈ ਨੰਦਨ ਆਵੈ ॥
ਆਵਨ ਦੇਹੁ ਕਹਜੋ ਬਹੁਰੋ ਜਿਨਿ ਸੋ ਜਸ ਰਾਮ ਕਹੋ ਕਬ ਪਾਵੈ ॥
ਮਾਤ ਕੇ ਬੋਲਨ ਅੰਕ ਤਜੇ ਨਿਜ ਬੀਰ ਲਰੈ ਸੁਰ ਲੋਗ ਬਸਾਵੈ ॥੨੧॥

ਸਵੈਯਾ—ਜਿਹ ਠੌਰ ਤੇ ਡੀਠ ਪਰੇ ਰਘੁਬੀਰ ਪਰਜੋ ਧਰ ਤਾਹਿ ਰਹੀ ਸੁਧ ਨਾਹੀਂ ॥
ਜਜੋ [6]ਸਿਕਤਾ [7]ਜਰਤੇ [8]ਪਰੈ ਮੀਨ ਜਰੈ ਨ ਪਰੈ ਪਲ ਪ੍ਰਾਨ ਉਡਾਹੀਂ ॥

੧. ਸ਼ੇਸ਼ਨਾਗ ੨. ਇੰਦਰ ੩. ਅਹਲਯਾ ੪. ਯੋਧਾ ੫. ਜਲ ੬. ਰੇਤ ੭. ਜਲਤਾ ੮. ਪੜੇ ।

ਚੇਤ ਉਠੇ ਸਮੁਹੈ [1]ਭਟ ਜਜੋਂ ਮੁਖ ਰਾਮ ਕਹੈ ਦੋਊ ਨੈਨ ਚੁਚਾਹੀਂ॥
ਬੇਗ ਹੀ ਬੇਗ ਪ੍ਰਨਾਮ ਕਰੈ ਇਹ ਭਾਂਤ ਗਹੀ ਰਘੁਬੀਰ ਕੀ ਛਾਹੀ ॥੨੨॥

ਭਰਤ ਮਿਲਾਪ ਰਾਮਚੰਦ੍ਰ ਜੀ ਸੋਂ

ਸਵੈਯਾ—ਦੇਖਿ ਕੈ ਰੂਪ ਕਹਜੋ ਨ ਪਰੈ ਅਬ ਫਾਟਤ ਹੈ ਦੁਖ ਸੋ ਛਤੀਆਂ॥
ਤਬ ਦੌਰ ਕੈ ਰਾਮ ਉਠਾਇ ਭੁਜਾ ਭਰ ਲੈ ਉਰ ਲਾਇ ਕਹੀ ਬਤੀਆਂ॥
ਸੁਤ ਕਾਹਿ ਕੋ ਭੇਖ ਕੀਓ ਇਹ ਭਾਂਤ ਸੁ ਜੀਵਤ ਹੀਂ ਰਘੁ ਕੇ ਨਤੀਆ॥
ਪਿਤ ਪ੍ਰਾਨ ਤਜੇ ਹਮ ਹੂੰ ਤਜਹੈਂ ਨਹੀ ਧਾਮ ਚਲੋ ਸੰਗ ਬੀਰ ਤੀਆ ॥੨੩॥

ਸਵੈਯਾ—ਸੋਕ ਕੀਓ ਸੁਨ ਭੂਪਤਿ ਕੀ ਗਤਿ ਸੀਅ ਸਮੇਤ ਸਬੈ ਬਿਲਖਾਹੀਂ॥
ਕੌਨ ਬਡੇ ਅਪਰਾਧ ਕੀਏ ਹਮ ਜਾਂ ਦੁਖ ਤੇਂ ਸੁਪਨੇ ਸੁਖ ਨਾਹੀਂ॥
ਤਾਤ ਕੋ ਕਾਲ ਭਜੋ ਹਮਰੇ ਦੁਖ ਸੋ ਹਮ ਹੂੰ ਬਨ ਮੈ ਬਿਲਲਾਹੀਂ॥
ਆਨ ਕੁਟੰਬ ਗਹੈ ਬਿਪਤਾ ਅਬ ਜਾਇ ਰਹੋਂ ਕਹਿਕੀ [2]ਪਰਛਾਹੀਂ ॥੨੪॥

ਭਰਤਉ ਵਾਚ

ਸਵੈਯਾ—ਰੋਇ ਚਲੇ ਪਿਤ ਕੋ ਜਲ ਦੇਨ, ਦੀਓ ਬਿਧ ਸੋਂ ਪੁਨਿ ਸੋਚ ਕਰੈਂ॥
ਦੁਹ ਬੀਰਨ ਜਾਇ ਕੈ ਪਾਂਇ ਗਹੇ, ਰਘੁਬੀਰ ਜੀਐ ਮਨ ਸੋਕ ਹਰੈਂ॥
ਚਲੀਏ ਘਰ ਲੈ ਸੀਅ ਸੰਗ ਅਬੈ ਹਮ ਕੋਟਿਕ ਬਾਰਨ ਪਾਇ ਪਰੈਂ॥
ਬਨ ਭੂਪ ਕਹਜੋ ਸੁ ਕੀਓ ਤੁਮ ਹੂੰ ਪ੍ਰਭੁ ਧਾਮ ਚਲੈ ਬਿਨ ਦਾਸ ਮਰੈਂ ॥੨੫॥

ਸਵੈਯਾ—ਅਰ ਜੌ ਮਨ ਮੈ ਬਨ ਮੈ ਰਹਿ ਹੈਂ ਤੋਊ ਛੱਤ੍ਰ ਧੁਜਾ ਸਿਰ ਚੌਰ ਢੁਰੈ॥
ਰਥ ਬੈਠ ਸਬੈ ਭਟ ਸੰਗ ਫਿਰੈਂ ਪ੍ਰਭੂ ਕੀ ਰੁਚਿ ਜੋ ਸੋਈ ਦਾਸ ਕਰੈ॥
ਪਗ ਕੀ ਰਜ ਕੇ ਹਮ ਹੈਂ ਸਬ ਸੇਵਕ ਰਾਜ ਤੁਮੇ ਮੁਹਿ ਦੇਹਿ ਮਰੈ॥
ਤਿਨ ਪਾਂਇਨ ਕਾਂਟ ਕਰੋਂ ਸਤ ਖੰਡ ਜੁ ਰਾਜ ਸਿੰਘਾਸਨ ਜਾਇ ਧਰੈ ॥੨੬॥

ਕਬਿੱਤ—ਲੀਨੋ ਲਛਮਨ ਸੰਗ ਹੌਹੂੰ ਹੈ ਬਿਮੁਖ ਕੀਨੋ, ਕਿਧੋ ਹੌ ਨ ਦਾਸ ਸੁਨ ਨਾਥ
ਮੇਰੀ ਗਤਿ ਕੋ॥ ਕਹਾ ਭਯੋ ਜੋ ਹੌਂ ਦਿਨ ਚਾਰਕ ਬਿਦੇਸ ਗਯੋ ਮੋਹਿ
ਛਾਡ ਦੀਨੋ ਤੁਮ ਜਾਨਜੋ ਹੀਨ ਮਤਿ ਕੋ॥ ਤਾਂ ਪਰ ਤੋ ਔਰ ਉਤਪਾਤ

੧. ਯੁਧ ਮੇਂ ੨. ਆਸਰਾ।

ਕੀ ਹੈ ਬਾਤ ਮਾਤ ਰਾਜ ਮੁਹਿ ਰਾਖਯੋ ਪਤਿ ਕੀਨੋ ਨਭ ਗਤਿ ਕੋ ॥ ਤੋਂ ਹੀ ਭਲੇ ਜੀਊਂ ਰਾਮ ਦੇਖੇ ਪਾਨੀ ਪੀਊਂ ਮੁਹਿ ਦੀਜੈ ਭੀਖ ਮੰਗ ਹੌਂ ਭਿਖਾਰੀ ਰਘੁਪਤਿ ਕੋ ॥੨੭॥

ਸਵੈਯਾ—ਪਤਿ ਕੋ ਹਤਿ ਕੇਕਈ ਰਾਜ ਲੀਓ ਸੁਤ ਕੋ ਯਹ ਬਾਤ ਸੁਨੀ ਸਬਹੀਂ ॥
ਤਬ ਭੂਪਤਿ ਦੇਹ ਤਜੀ ਛਿਨ ਮੈ ਰਘੁਬੀਰ ਗਏ ਬਨ ਕੋ ਜਬਹੀਂ ॥
ਅਬ ਜੋ ਸੁਰਰਾਜ ਕੌ ਰਾਜ ਮਿਲੈ ਸੋਈ ਕਾਮ ਨ ਆਵਤ ਹੈ ਤਬਹੀਂ ॥
ਮਨ ਲਾਜ ਮਰੋਂ ਰਘੁਰਾਜ ਸੁਨੋ ਸੋਈ ਰਾਜ ਜਰੋ ਜਹਾਂ ਰਾਮ ਨਹੀਂ ॥੨੮॥

ਕਵਿਉ ਵਾਚ

ਦੋਹਰਾ—ਇਹ ਬਿਧਿ ਬਿਨਤੀ ਕਰ ਭਰਤ ਰਹਯੋ ਚਰਨ ਲਪਟਾਇ ॥
ਛਿਮਾ ਕਰੌ ਘਰ ਫਿਰ ਚਲੋ ਸੀਅ ਲਛਮਨ ਰਘੁਰਾਇ ॥੨੯॥

ਭਰਤਉ ਵਾਚ

ਸੋਰਠਾ—ਜੌ ਨ ਚਲਹੁ ਘਰ ਆਜ ਸੁਨੋਂ ਬਾਤ ਪ੍ਰਭ ਕਾਨ ਦੈ ॥
ਜਾਤ ਬੰਸ ਤੇ ਰਾਜ ਤੁਮ ਬਨ ਮੈ ਹਮ ਪਿਤਾ ਢਿਗ ॥੩੦॥

ਰਾਮ ਚੰਦਰਉ ਵਾਚ

ਕਬਿੱਤ—ਬੋਲੇ ਰਘੁਬੀਰ ਸੁਨ ਬੀਰ ਮਨ ਧੀਰ ਧਰ ਪੀਰ ਸਹੀ ਸਹੀ ਕਰ ਆਗੈ ਕੇ ਉਪਾਇ ਕੋ ॥ ਜੀਵਤ ਹੀ ਤਾਤ ਰਾਜ ਕਾਜ ਕੋ ਬੁਲਾਇ ਪਾਛੇ ਕਹਿਓ ਜਾਇ ਬਸੋ ਬਨ ਸੁਨਿਓ ਬੋਲ ਮਾਇ ਕੋ ॥ ਰਾਜ ਕੋ ਸਮਾਜ ਤੇਰੋ ਦੀਨੋ ਹੈ ਭਰਤ ਜੂਕੋ, ਸੁਨ ਸੁਖ ਪਾਯੋ ਬੋਲ ਕਹਿਓ ਸਤ ਭਾਇ ਕੋ ॥ ਜੈਸੀ ਕਹਿ ਗਏ ਤਾਤ ਤੈਸੀ ਕੀਨੇ ਬਨੇ ਬਾਤ ਆਇਸ ਕੋ ਮੇਟੇ ਸੁਤੋ ਆਗੈ ਧਰੈ ਪਾਇ ਕੋ ॥੩੧॥

ਕਬਿੱਤ—ਤੇਰੀ ਪ੍ਰੀਤ ਜਾਨੀ ਤੈਂ ਨ ਪੀਓ ਘਰ ਪਾਨੀ ਅਰ ਮੋ ਬਿਨਾ ਬਿਹਾਨੀ ਰਾਜਧਾਨੀ ਦੇਸ ਦੇਸ ਕੀ ॥ ਮਾਤ ਕੇ ਨ ਪਾਇ ਲਾਗਿਓ ਤਾਤ ਕਾਜ ਕੀਏ ਭਾਗਿਓ ਛਾਡ ਦੀਨੀ ਬਾਤ ਸੁਖ ਲਾਲਚ ਕੇ ਲੇਸ ਕੀ ॥ ਦੇਖੋ

ਲਛਮਨ ਯਾ ਭਰਤ ਜੁ ਕੋ ਨੇਹੁ ਆਜ ਰਾਜ ਕੌਨ ਛਾਡੇ ਬਿਨ [1]ਸੰਤਤ
ਦਿਨੇਸ ਕੀ ॥ ਸੁਨੌ ਰਘੁਰਾਈ ਜਹਾਂ ਰਾਮ ਨ ਸਹਾਈ ਤਹਾਂ ਕੌਨੈ ਨ
ਜਰਾਈ ਠਕੁਰਾਈ ਅਮਰੇਸ ਕੀ ॥੩੨॥

ਭਰਤਉ ਵਾਚ

ਕਬਿੱਤ—ਜਾਇ ਲਛਮਨ ਜੂ ਕੇ ਪਾਇ ਗਹੇ ਤੇਹੀ ਛਿਨ ਬੀਰ ਸਮਝਾਇ ਲੈ ਲਵਾਇ
ਚਲੁ ਧਾਮ ਕੋ ॥ ਤਾਤ ਬੋਲ ਕੀਨੋ ਤੁਮ ਬਡੋ ਜਸ ਲੀਨੋ ਬਨ ਆਏ ਫਲ
ਖਾਏ ਦੁਖ ਦੀਨੋ ਸੀਅ ਬਾਮ ਕੋ ॥ ਜੌ ਕਹੋ ਤੋ ਜਾਇ ਘਰ ਕੇਕਈ ਨਿਕਾਰੋਂ
ਕਹੌਂ ਮਾਰੋਂ ਆਜ ਕਰੋਂ ਮੈ ਪਰਸਰਾਮ ਕਾਮ ਕੋ ॥ ਮੋਹਿ ਬਨ ਛਾਡੋ ਭਾਵੈ
ਸੰਗ ਲੈ ਸਿਧਾਰੋ ਪ੍ਰਾਨ ਪਲ ਮੈ ਨਿਕਾਰੋਂ ਜੌ ਨ ਸੁਨੋ ਰਾਜ ਰਾਮ ਕੋ ॥੩੩॥

ਰਾਮਚੰਦ੍ਰਉ ਵਾਚ

ਕਬਿੱਤ—ਮੇਰੀ ਕਹੀ ਮਾਨ ਭਲੀ ਯਾਹਿ ਮਾਹਿ ਜਾਨ ਬੀਰ ਰਾਜ ਤੌ ਲੌ ਕਰੋ ਜੌ
ਲੌ ਮੇਰੋ ਬਨ ਆਇਬੋ ॥ ਮਾਨੋ ਰਾਖ ਥਾਤੀ ਰਾਜਾ ਅਜ ਜੂ ਕੇ ਨਾਤੀ
ਕਛੁ ਐਸੋਈ ਕੁਪੇਚ ਜਾਂ ਤੇ ਮੋਹਿ ਬਨ ਜਾਇਬੋ ॥ ਸੁਨੋ ਪ੍ਰਭ ਮੇਰੋ ਕਹ੍ਯੋ
ਪਾਇ ਛੁਵੈਂ ਤੇਰੋ ਮੋ ਤੇ ਰਾਜ ਕਾਜ ਰਾਮ ਬਿਨ ਕਠਨ ਚਲਾਇਬੋ ॥ ਤਾਤ
ਦੁਖ ਮਾਤ ਦੁਖ ਬਡੋ ਰਘੁਨਾਥ ਦੁਖ ਏਕਲੋ ਭਰਤ ਘਰ ਘੇਰ ਘੇਰ
ਖਾਇਬੋ ॥੩੪॥

ਸਵੈਯਾ—ਜਾਨ ਕੈ ਪ੍ਰੀਤ ਸਹੀ ਰਘੁਬੀਰ ਸੋ ਬੀਰ ਕੌ ਲੈ ਮੁਖ ਨੀਰ ਪਖਾਰੋ ॥
ਪਾਗ ਬੰਧਾਇ [2]ਸਮੋਧ ਕੀਓ ਏਈ [3]ਪਾਵਰੀ ਲੈ ਕਰ ਰਾਜ ਹਮਾਰੋ ॥
ਕੇਕਈ ਨੰਦਨ ਸਾਚ ਕਹੌਂ ਤੋਹਿ ਪ੍ਰਾਨ ਸਮਾਨ ਕਰੋਂ ਅਬ ਨਿਆਰੋ ॥
ਥੋਰੇਈ ਦਯੋਸਨ ਆਨ ਮਿਲੋਂ ਸਬ ਸੌਂ ਜਸ ਸੌਂ ਰਹੀਓ ਉਜਿਆਰੋ ॥੩੫॥

ਰਾਮ ਚੰਦ੍ਰ ਕਾ ਸੰਦੇਸ ਮਾਤਨ ਪ੍ਰਤਿ

ਕਬਿੱਤ—ਸਬ ਹੀ ਕੋ ਕਹੀਓ ਸਬ ਮਾਇਨ ਕੇ ਪਾਇ ਲਾਗ ਰਹੀਓ ਸੰਦੇਸ ਸਭ
ਨੀਕੇ ਰਘੁਨਾਥ ਹੈ ॥ ਛਾਇ ਮੇਂ ਚਲਤ ਢਿਗ ਗਾਊਂ ਕੇ ਰਹਤ ਜਾਤ

੧. ਸੰਤਾਨ ੨. ਦਿਲਾਸਾ ੩. ਖੜਾਵਾਂ।

ਵੈਸੇ ਹੀ ਹੈਂ ਗਾਤ ਘਰ ਪੋਖੇ ਜੈਸੇ ਮਾਤ ਹੈ ॥ ਕਹੀਓ ਸੁਮਿੱਤ੍ਰਾ ਜੀ ਕੋ ਲਛਮਨ ਨੀਕੇ ਰਹੈ ਸਮਾਚਾਰ ਸੀਕੇ ਪਰਛਾਂਹੀਂ ਕਰੀ ਸਾਥ ਹੈ ॥ ਜੋ ਕਦਾਂਚ ਬੂਝੈ ਕੈਸੀ ¹ਹੌਂਸ ਸੋ ਰਹਤ ਬੀਰ ਸੁਨੇ ਦੁਖ ਪੈ ਹੈ ਜਟਾ ਕਹੋ ਜਿਨ ਮਾਥ ਹੈ ॥੩੬॥

ਦੋਹਰਾ ॥ ਸੁਨੋਂ ਭਰਤ ਸਿਖਜਾਨ ਤੁਮ ਕਹੌਂ ਤੋਹਿ ਸਮਝਾਇ ॥
ਜਾਂਤੇ ਸੁਖ ਸੰਪਤ ਬਢੈ ਸੋ ਹੌਂ ਦੇਉਂ ਬਤਾਇ ॥੩੭॥

ਰਾਮਚੰਦ੍ਰ ਕਾ ਉਪਦੇਸ਼ ਭਰਤ ਸੋਂ

ਸੋਰਠਾ—ਜੋ ਸੁਖ ਚਾਹੋ ਰਾਜ ਲੋਕ ਸੁਖੀ ਪਰਲੋਕ ਗਤ ॥
ਤੌ ਬਾਤੈਂ ਕਰ ਆਜ ਸੁਨਹੁ ਭਰਤ ਰਘੁਨਾਥ ਕੀ ॥੩੮॥

ਕਬਿੱਤ—ਤਾਤ ਮਾਤ ਸੇਵ ਬਡੇ ਭ੍ਰਾਤ ਕੀ ਭਾਂਤਿ ਪਰਭਾਤ ਉਠ ਕੀਜੀਓ ਭਰੋਸੇ ਹਰਿਨਾਮ ਕੋ ॥ ਬਾਮਨ ਕੋ ਦਾਨ ਦੇ ਹੀ ਕੋ ਸਨਮਾਨ ਸੁਨ ਬੇਦ ਕੋ ਪੁਰਾਨ ਨਜਾਉ ਕੀਜੋ ਨਰ ਬਾਮ ਕੋ ॥ ਰਾਜ ਅੰਸ ਲੀਜੋ ਦੁਖੀ ਜਾਨ ਕਛੂ ਔਰ ਦੀਜੋ ਸੁਖੀ ਦੇਖ ²ਡਾਨੋ ਜਿਨ ਕਰੋ ਏਕ ਦਾਮ ਕੋ ॥ ਐਸੀ ਭਾਂਤ ਜੀਜੋ ਸਬ ਹੀ ਕੋ ਸੁਖ ਦੀਜੋ ਬੀਰ ਮੇਰੇ ਆਗੈ ਪਾਛੈ ਬੋਲ ਬਾਂਧ ਗਾਠ ਰਾਮ ਕੋ ॥੩੯॥

ਕਬਿੱਤ—ਨੀਚ ਸੌਂ ਨ ਪ੍ਰੀਤ ਕੀਜੋ ਕੁਲ ਕੋ ਨ ਛਾਡ ਦੀਜੋ ਬੀਰ ਸੁਨ ਲੋਭ ਜਿਨ ਕੀਜੌਂ ਪਰ ਨੀਰ ਕੋ ॥ ³ਆਨ ਤੀਆ ਮਾਤ ਸੁਨ ਬਾਤ ਘਰ ਬਾਢੈ ਧਨ ਤਜੋਂ ਤਜੋਂ ਨੀਕੇ ਹੂਜੇ ਔਂ ⁴ਬਢੱਯਾ ਪਰ ਪੀਰ ਕੋ ॥ ਬੈਰਨ ਕੋ ਸੂਰ ਕੂਰ ਮੰਤ੍ਰਨ ਨਿਕਾਰ ਦੀਜੈ ਪੀਓ ਨ ਅਪੇਯ ਦੁਖ ਪਰੇ ਹੂਜੋ ਧੀਰ ਕੋ ॥ ਦਾਨ ਪੁਰਹੂਤ ਸੌਂ ਨ ਦੂਤ ਬਸ ਹੂਜੌਂ ਭਾਈ ਭਰਤ ਸਪੂਤ ਕਹਜੋ ਕੀਜੈ ਰਘੁਬੀਰ ਕੋ ॥੪੦॥

ਕਬਿੱਤ—ਜੈਸੇ ਜਤੀ ਸੰਗ ਤੇ ਸੁਮਤ ਜਜੋਂ ਅਨੰਗ ਤੇ ਜਜੋਂ ਪਾਪ ਨੀਰ ਗੰਗ ਧਨ ਬਾਢਜੋ ਜੂਪ ਹਾਰ ਤੇ ॥ ਜਜੋਂ ਕੁਲ ਕੁਪੂਤ ਤੇ ਜਜੋਂ ਦਾਰਦ ਸਪੂਤ ਤੇ

੧. ਹਾਲ ੨. ਡੰਡ ੩. ਪਰਇਸਤ੍ਰੀ ੪. ਕਾਟਨੇ ਵਾਲਾ ।

ਜਜੋਂ ਬਾਮਨ ਕੋ ਪੂਤ ਬਿਨ ਪਢੇ ਚਟਸਾਰ ਤੇ ॥ ਦੇਖੇ ਬਿਨ ਖੇਤੀ ਜੈਸੇ
ਸਾਵਨ ਮੇ ਰੇਤੀ ਔਰ ਬਾਤ ਕਹੌਂ ਕੇਤੀ ਜੈਸੇ [1]ਤਾਰ ਲੋਭ ਧਾਰ ਤੇ ॥
ਸਾਵਧਾਨ ਹੂਜੋ ਤਾਂਹਿ ਦੇਸ ਤੇ ਨਿਕਾਰ ਦੀਜੋ ਬੂਡ ਜੈਹੈ ਰਾਜ ਤੈਸੇ ਮੰਤ੍ਰੀ
ਦੁਰਾਚਾਰ ਤੇ ॥੪੧॥

ਸਵੈਯਾ—ਪਾਇ ਛੂਏ ਸੁਨ ਸੀਖ ਸਭੋ ਪ੍ਰਭੁ ਏ ਨ ਬਿਸਾਰ ਚਲੋਂ ਕਬਹੀਂ ॥
ਧਰ ਪਾਵਰੀ ਮੂੰਡ ਸੋ ਸਾਵਰੀ ਮੂਰਤਿ ਦੇਖ ਕਹਜੋਂ ਬਿਛਰੋਂ ਅਬਹੀਂ ॥
ਅਬ ਜਾਹੁ ਧਰਜੋ ਸਿਰ ਹਾਥ ਤਬੈ ਧਰ ਆਇਸ ਸੀਸ ਚਲਜੋ ਜਬਹੀਂ ॥
ਲਏ ਬੀਰ ਤੀਆ ਸੰਗ ਬੀਰ ਬਿਦਾ ਕਰ ਰਾਮ ਧਸੇ ਬਨ ਮੈਂ ਤਬਹੀਂ ॥੪੨॥

ਸਵੈਯਾ—ਬੀਰਹਿ ਛਾਡ ਚਲਜੋ ਘਰ ਕੋ ਧਰ ਆਇਸ ਸੀਸ ਨ ਜਾਇ ਮਿਟਾਯੋ ॥
ਗਾਂਉ ਮੈ ਜਾਇ ਨ ਪਾਉਂ ਧਰਜੋ ਫਿਰਹੂੰ ਨੰਦ ਗਾਉਂ ਸੁ ਜਾਇ ਬਸਾਯੋ ॥
ਮੂੰਡ ਜਟਾਧਰ ਭੇਸ ਤਪੋ ਧਨ ਔ ਸੁਖ ਝੁੰਡ ਸਮੁੰਦ੍ਰ ਬਹਾਯੋ ॥
ਰਾਮ ਸਨੇਹ ਧਰਜੋ ਮਨ ਮੈ [2]ਤਨਕੋ ਤਿਨ ਕੋ ਨ ਸਨੇਹ ਲਗਾਯੋ ॥੪੩॥

ਕਬਿੱਤ—ਵਹੀ ਜੋ ਸਿੰਘਾਸਨ ਹੈ ਅਪਦਾ ਬਿਨਾਸਨ ਕੋ ਤਾਹੀ ਪਰ ਪਾਵਰੀ ਲੈ
ਰਾਖੀ ਸਿਰ ਨਾਯੋ ਹੈ ॥ ਰਾਜ ਭਯੋ ਅਟਲ ਸੋ ਕਾਹੇ ਤੇ ਹੋ ਰਾਮ ਕਵਿ
ਰਾਮ ਸਿਖ ਦੀਨੀ ਸੋਈ ਕੀਨੀ ਸੁਖ ਪਾਯੋ ਹੈ ॥ ਤਾਹੀ ਕੇ ਬਯੋਗ ਭੋਗ
ਛਾਡਜੋ ਨ ਸੰਭਾਰਜੋ ਨੈਕ ਜੈਸੇ [3]ਡਾਰ ਕਾਂਚੁਰੀ ਨ [4]ਭੋਗੀ ਫਿਰ ਆਯੋ
ਹੈ ॥ ਜੋਗੀ ਹੈ ਨ ਹਸਜੋ ਸੁਰ ਲੋਕ ਜਸ ਬਸਜੋ ਘਰ ਆਪਨੇ ਨ ਧਸਿਓ
ਦੇਸ ਸੌਂ ਗੁਨੌਂ ਬਸਾਯੋ ਹੈ ॥੪੪॥

ਹਰਾ ॥ ਭਗਤਿ ਭਕਾਰ ਪ੍ਰਗਟ ਕਰੀ ਰਘੁਪਤ ਕ੍ਰਿਪਾ ਰਕਾਰ ॥
ਤਰਕ ਤਕਾਰ ਸੁਖਨਿ ਦਈ ਯਾਤੇ ਭਰਤ ਕੁਮਾਰ ॥੪੫॥

ਰਾ ॥ ਇਹ ਬਿਧ ਭਰਤ ਸਦਾ ਰਹੈ ਤਜਿਓ ਤੀਸਰੋ ਕਾਮ ॥
ਪ੍ਰਾਤ ਸੰਭਾਰੈ ਰਾਜ ਕੋ ਰਾਤ ਸੰਭਾਰੈ ਰਾਮ ॥੪੬॥

ਾ—ਭਰਤ ਸਦਾ ਇਹ ਭਾਂਤ ਸੁਨੋ ਦਸ਼ਾ ਰਘੁਬੀਰ ਕੀ ॥

੨. ਥੋੜਾ ੩. ਕੁੰਜਾਂ ੪. ਸਰਪ ।

ਜਿਹ ਜਿਹ ਬਨ ਮੈ ਜਾਤ ਸੋਈ ਬਤਾਵਤ ਰਾਮ ਕਵਿ ॥੪੭॥

ਕਬਿੱਤ—ਊਚੇ ਬਟ ਤਾਲ ਜਹਾਂ ਲਟੇਨ ਤਮਾਲ ਸਾਲ [1]ਸਰਲ ਬਿਸਾਲ ਗਤਿ ਹੈਨ ਕਾਲ ਮੰਦ ਕੀ ॥ ਕਹੂੰ ਲਾਲ ਲਾਲ ਕਹੂੰ [2]ਘੁੰਗਚੀ [3]ਪ੍ਰਵਾਲ ਕਚਨਾਲ ਨਿੰਬ ਚੰਦਨ ਸੋ ਮਾਨੋ ਬਾਸ ਬੰਦ ਕੀ ॥ ਚੰਪਕ ਰਸਾਲ [4]ਨਾਲ [5]ਕੇਲ ਸੋਂ ਕਨੇਲ ਹੀ ਸੁ ਭਾਰੀ ਤਮ ਕੌਨ ਗਨੈ ਜਾਂਤੇ ਮੂਲ ਕੰਦ ਕੀ ॥ ਮਾਨੋ ਅਹਿ ਦੇਸ ਕਿਧੌ [6]ਕੂਹ ਕਾਰੇ ਭੇਸ ਡੋਲੈ ਸੂਰ ਕੀ ਨ ਜੋਤ ਤਹਾਂ ਚਾਂਦਨੀ ਨ ਚੰਦ ਕੀ ॥੪੮॥

ਕਬਿੱਤ—ਐਸੇ ਬਨ ਕਰੈ ਗੌਨ ਰਾਮਚੰਦ ਬਿਨਾ ਕੌਨ ਚਲੈ ਜਬ ਪੌਨ ਊਚੇ ਪਾਤ ਖਰਕਤ ਹੈਂ ॥ [7]ਸੇਮਰ ਖਜੂਰ ਜਾਇ ਪੂਰ ਰਹੀ ਸੂਰਮਗ, ਤਾਹੀਕੈ [8]ਤੁਰੰਗ ਤਹਾਂ ਦੇਖੇ ਰਬਕਤ ਹੈਂ ॥ ਫੂਲ ਫਲ [9]ਰਾਤੇ ਮਾਨੋ ਰਾਤੀ ਜੋਤਵਾਰੇ ਕੋਊ ਤੋਰੇ ਕੋਊ ਛੁਵੈ ਤਾਂਤੇ ਐਸੋ ਝਲਕਤ ਹੈਂ ॥ [10]ਤੂਲ ਹੈ ਨ ਜਾਨੋ ਕਵਿਰਾਮ ਰਵਿ ਘੋਰੇ ਮਾਨੋ ਡਾਰਤ ਹੈਂ ਲਾਰਕੀ ਫੁਹਾਰ ਚਿਲਕਤ ਹੈਂ ॥੪੯॥

ਕਬਿੱਤ—[11]ਊਬਟ ਨ ਗੈਲ ਸਦਾ ਸਿੰਘਨ ਕੀ ਸੈਲ ਬਨ ਜਾਰੇ ਕੈਸੇ ਬੈਲ ਮਾਨੋ ਬੋਲੈਂ ਡਕਰਾਤ ਸੇ ॥ ਔਰ [12]ਸੋਂ [13]ਕੁਰੰਗ ਕਰੀ ਆਧੇ ਅੰਗ ਪਰੇ ਕਹੂੰ ਹੈ ਸੁਰੰਗ ਭੂਮਿ ਕਹੂੰ ਦੇਖੇ ਬਿਲਲਾਤ ਸੇ ॥ ਮੋਰਨ ਕੋ ਸੋਰ ਸੁਨਿ ਫਨਿ ਮਨਿ ਡਾਰ ਮੂੰਡ ਦੀਆ ਸੋ ਬੁਝਾਇ ਬਕੇ ਹ੍ਵੈ ਅੰਧੇਰੀ ਰਾਤ ਸੇ ॥ ਗੀਧਨ ਕੀ ਮਾਲ ਕਹੂੰ ਜੰਬਕ ਕਰਾਲ ਕਹੂੰ ਨਾਚਤ ਬਤਾਲ ਲੈ ਕਪਾਲ ਜਲ ਜਾਤ ਸੇ ॥੫੦॥

ਬਿੱਤ—ਕਹੂੰ ਬਨ [14]ਕੋਲ ਕਹੂੰ [15]ਰੋਝਨ ਕੇ ਟੋਲ ਕਹੂੰ ਭੀਲਨ ਕੇ ਬੋਲ ਤਹਾਂ ਬਾਤ ਨ ਅਨੰਦ ਕੀ ॥ ਮਾਨਸ ਕੇ ਨਾਤੇ ਬਨ ਮਾਨਸ ਹਜੂਰ ਕਹੂੰ ਬਾਂਦਰ ਲੰਗੂਰਨ ਉਚਾਈ ਗਿਰ ਮੰਦ ਕੀ ॥ ਕਹੂੰ [16]ਚੱਕ੍ਰ ਵਾਕ ਕਹੂੰ ਭੂਤਨ

ਸੱਧਾ ੨. ਰਤੀਆਂ ੩. ਗੁਲੀਆਂ ੪. ਅੰਬ ੫. ਨਰੇਲ ੬. ਅਮਾਵਸਜਾ ੭. ਸਿੰਮਲ ੮. ਘੋੜੇ ੯. ਲਾਲ ੧੦. ਰੂਈ ੧੧. ਪਥਰਾਂ ਵਾਲਾ ਰਸਤਾ ੧੨. ਹਾਥੀ ੧੩. ਘੋੜੇ ੧੪. ਸੂਰ ੧੫. ਲਮਢੀਗ ੧੬. ਚਕਵਾ।

ਕੀ [1]ਹਾਕ ਕਹੂੰ ਕਾਹੇ ਕਾਕ ਮਾਨੋ ਸੂਰ ਕੂਹ ਪੂਤ ਬੰਦ ਕੀ। ਜਾਨਕੀ ਡਰਾਤ ਬੀਚ ਬੀਚ ਚਲੀ ਜਾਤ ਦੋਊ ਨੈਨਾ ਮੂੰਦ ਲੀਨੇ ਕਟ ਗਹੀ ਰਾਮਚੰਦ ਕੀ ॥੫੧॥

ਕਬਿੱਤ—ਐਸੀ ਭਾਂਤ ਚਲੇ ਜਾਤ ਕੋ ਹੈ ਜਾਸੋਂ ਕਰੈਂ ਬਾਤ ਗਾਤ ਕੁਮਲਾਨੇ ਜੈਵੇ ਪੰਖੇ ਘਰ ਮਾਤ ਕੇ ॥ ਜਾਨਕੀ ਨਿਹਾਰ ਭਰ ਸ੍ਵਾਸ ਮਨ ਕ੍ਰੋਧ ਮਾਰ ਕੈਸੀ ਕੁਸਰਾਤ ਹਮੈ ਲਾਗੋ ਦੁਖ ਤਾਤ ਕੇ ॥ ਤੀਨੋਂ ਬੈਠ ਜਾਤ ਜਹਾ [2]ਗੋਖਰੂ ਗਡਾਤ ਮੁਸਕਾਤ ਨ ਜਨਾਤ ਸਮਾਚਾਰ ਸੁਨੌਂ ਪ੍ਰਾਤ ਕੇ ॥ [3]ਸੀਰੇ ਜਲ ਨ੍ਹਾਤ ਟੂਟੇ ਫੂਲ ਫਲ ਖਾਤ ਰਾਮ ਰਾਤ ਪਰੇ ਸੋਵਤ ਵਿਛੌਨਾ ਕਰ ਪਾਤ ਕੇ ॥੫੨॥

ਦੋਹਰਾ ॥ ਰਘੁਪਤਿ ਐਸੇ ਬਨ ਫਿਰਤ ਦੇਖੇ ਨਗਰ ਨ ਠੌਰ ॥
ਆਸ਼੍ਰਮ ਸੁਨਿਓਂ ਅਗਸਤ ਕੋ ਚਲੇ ਹੁਲਾਸਨ ਦੌਰ ॥੫੩॥

ਰਾਮ ਚੰਦ੍ਰਉ ਵਾਚ ਸੀਤਾ ਸੋ

ਸੋਰਠਾ ॥ ਸੀਅ ਕਹੈ ਸਮਝਾਇ ਲੋਪਾ ਮੁੱਦ੍ਰਾ ਤਾਸੁ ਤੀਅ ॥
ਪ੍ਰਿਥਮ ਸੀਸ ਧਰ ਪਾਇ ਆਇਸ ਲੈ ਢਿਗ ਬੈਠੀਓ ॥੫੪॥

ਸਵੈਯਾ—ਰਾਮ ਮਿਲੈ ਮੁਨਿ ਸੋ ਪਰ ਪਾਇਨ ਲਾਇ ਰਹੇ ਛਤੀਆਂ ਦੁਖ ਖੋਯੋ ॥
ਹੇ ਸੁਤ ਕਿਉਂ ਯਹਿ ਭੇਖ ਕੀਓ ਨ੍ਰਿਪ ਜੀਵਤ ਹੈ ਕਿ ਬਡੇ ਮਗ ਸੋਯੋ ॥
ਬਾਤ ਕਹੀ ਸਮਝਾਇ ਸਬੈ ਰਘੁਬੀਰ ਮਨੋ ਤਨ ਤੀਰ ਗਡੋਯੋ ॥
ਪੂਤ ਰਹੋ ਇਹ ਠੌਰ ਸਬੈ ਮਿਲ ਸ੍ਵਾਸ ਭਰੇ ਮਨ ਤੇ ਅਤਿ ਰੋਯੋ ॥੫੫॥

ਰਾਮਚੰਦਰ ਮਿਲਾਪ ਅਗਸਤ ਸੋ

ਸਵੈਯਾ—ਏਕ [4]ਘਟੀ ਨ [5]ਘਟੀ ਸੀਅ ਕੇ ਦੁਖ ਰਾਮ ਰਹੇ ਮੁਨਿਕੇ ਨਿਕਟੀ ॥
[6]ਘਟਿ ਕੇ ਸੁਤ ਸੋਂ ਤਿਨ ਨਾਰ [7]ਜੁਟੀ ਮਾਨੋ ਧੂਰ [8]ਜਤੀ ਨਹਿ ਕਾਮ ਛਟੀ ॥
[9]ਦੁਪਟੀ ਫਟ ਜਾਤ ਜਹਾ [10]ਤਮ ਕੀ ਪ੍ਰਗਟੀ ਘਟਿ ਮੈ ਗੁਰ ਗਜਾਨ ਗਟੀ ॥
ਕਰਬੇ ਕਹੁ ਮੁਕਤਿ ਹਟੀ [11]ਬਰਟੀ ਤਹਾਂ ਪਰਨ ਕੁਟੀ ਰਘੁਨਾਥ ਠਟੀ ॥੫੬॥

੧. ਸ਼ਬਦ ੨. ਭਖੜੇ ੩. ਠੰਡਾ ੪. ਘੜੀ ੫. ਘਟਨਾ ੬. ਅਗਸਤ ਮੁਨੀ ੭. ਜੋੜੀ ੮. ਸ਼ਿਵਜੀ ੯. ਪੜਦਾ ੧੦. ਅਗਜਾਨ
੧੧. ਬਨਾਈ।

ਪੰਚਬਟੀਕੇ ਵਰਨਨ।

ਸਵੈਯਾ—ਜਹਾਂ ਸਿੰਘ [1]ਕੁਰੰਗਨ ਬੈਰ [2]ਗਟੀ ਮ੍ਰਿਗ ਸੰਤਤ ਸਿੰਘਨ ਦੂਧ ਜਟੀ ॥
ਸੋਈ ਨੈਕੁ ਨ ਦੇਖਤ ਜਾਤ [3]ਲਟੀ ਅਹਿ [4]ਪੌਢਤ ਮੋਰਨ ਪੁੰਛ [5]ਤਟੀ ॥
ਚਢ ਕੇਹਰ ਕੰਧ [6]ਅਜਾ ਲਪਟੀ ਨਹ ਭੁਖ ਲਗੈ ਕਬਹੂੰ [7]ਝਪਟੀ ॥
ਜਿਨਕੀ ਦੁਖ ਫਾਸ ਕਹੂੰ ਨ ਕਟੀ ਤਿਨਕੇ ਸਿਰ ਹੈ ਸੁਖ ਸਾਂਤਿ ਸਟੀ ॥੫੭॥

ਸਵੈਯਾ—ਜਿਨਕੀ ਧੁਨ ਨੈਨਨਿ ਜੋਤ ਘਟੀ ਤਿਨ ਕੇ ਸੰਗ ਮੁਕਤਿ ਫਿਰੈ ਲਪਟੀ।
ਜਿਨਕੈ ਰਿਦ ਗ੍ਰੰਥ ਮਹਾ [8]ਚਿਕਟੀ ਕਰਿ [9]ਸੂਛ ਚਲੇ ਮਾਨੋ ਦੂਧ ਘਟੀ ॥
ਮੁਨਿ ਬ੍ਰਿੰਦ ਜਹਾਂ ਜਹਿ ਬੇਦ ਪਟੀ ਸੁਕ ਸਾਰਸ ਹੰਸ ਚਕੋਰ [10]ਚਟੀ ॥
ਨਿਸ ਬਾਸਰ ਕਾਮ ਕਮਾਨ ਟੁਟੀ ਸੀਅ ਤੇ ਰਤ ਸੀ ਲਟਜਾਤ ਲਟੀ ॥੫੮॥

ਸਵੈਯਾ—ਸਬ ਕੇ ਮੁਖ ਨ੍ਰਿਤਤ ਬਾਕ ਨਟੀ ਸੁ ਅਗਸਤ ਬਢਾਵਤ ਹਾਥ ਛਟੀ ॥
ਤਪਤੇ ਜਨ ਤੇ ਰਵਿ ਜੋਤਿ ਹਟੀ ਕਪਟੀ ਨ ਰਹੈ ਤਹਾ ਏਕ ਘਟੀ ॥
ਹਰਿ ਪੂਜਨ ਕੀ ਜਹਾਂ [11]ਆਰ ਭਟੀ ਭਰਿ ਨੈਨ ਨਿਹਾਰ ਰਮਾ[12] ਲਪਟੀ ॥
ਜਹਾਂ [13]ਈਂਧਨ ਚੰਦਨ ਕੀ [14]ਖਪਟੀ ਕਵਿ ਰਾਮ ਕਹੈ ਸੋਈ ਪੰਚ ਬਟੀ ।੫੯।

ਕਵਿਉ ਵਾਚ

ਸਵੈਯਾ—ਕਾਲ ਬਲੀ ਕਵਿ ਰਾਮ ਸੁਨੋ ਦੁਖ ਸ੍ਰੀ ਰਘੁਬੀਰ ਕੀ ਬਾਤਨ ਕੇ ॥
ਜਬ ਤਾਤ ਕਹਯੋ ਚਲਹੀਂ ਨਿਕਸੇ ਨ ਰਹੇ ਬਿਲਲਾਤ ਸੁ ਮਾਤਨ ਕੇ ॥
ਅਬ ਔਰ ਕੀ ਕੌਨ ਕਹੈ ਸੁਰ ਭੂਪਤਿ ਹੈ [15]ਤਕੀਆ ਜੁਮਲਾ ਤਨ ਕੇ ॥
ਮਨ ਕੰਚਨ ਧਾਮ ਤਜੇ ਬਨ ਮੈਂ ਜਬ ਰਾਮ ਕੀਏ ਘਰ ਪਾਤਨ ਕੇ ॥੬੦॥

ਕਬਿੱਤ—ਐਸੀ ਭਾਂਤ ਰਹੇ ਦੇਸ ਰਹਯੋ ਦੂਰ ਕਹੈਂ ਦੁਖ ਸੁਖ ਨਿਰਬਹਯੋ ਸਹਯੋ ਮੇਹੁ ਛਾਹ ਘਾਮ ਕੋ ॥ ਦੁਖੀ ਜਾਨ ਕਾਮਧੇਨੁ ਛੀਰ ਨਿਧ ਸੈਨ ਜਾਂਕੋ ਹੰਸ ਗੌਨ ਸਕ੍ਰ ਸਿਵ ਸੇਵੈ ਜਾਕੇ ਨਾਮ ਕੋ ॥ ਲਛਮਨ ਗਹੇ ਪਾਇ ਸੁਨੋ ਰਘੁਰਾਇ ਪ੍ਰਭੁ ਜਾਨਤ ਹੋ ਜਾਤੇ ਬਨ ਆਏ ਜਾਹੀ ਕਾਮ ਕੋ ॥ ਬੀਛਰਯੋ ਕੁਬੋਲ ਸੋਈ ਸੋਈ ਕਯੋਂ ਨ ਕਰੋ ਦੁਖ ਦੇਵਨ ਕੋ ਹਰੋ ਰਾਮ

੧. ਹਿਰਨ ੨. ਹਟਨਾ ੩. ਮੁੜ ਕੇ ੪. ਸੌਂਨਾ ੫. ਕਿਨਾਰੇ ੬. ਬਕਰੀ ੭. ਮਾਰਨਾ ੮. ਬਿਧੀ ੯. ਨਿਰਮਲੇ ੧੦. ਚਟਸਾਲ ੧੧. ਬੇਦੀ ੧੨. ਲਛਮੀ ੧੩. ਬਾਲਨ ੧੪. ਛੜਕਾ ੧੫. ਆਸਰਾ।

ਸੌਂਪੇ ਏਵ ਬਾਮ ਕੋ ॥੬੧॥

ਸਵੈਯਾ—ਜਬ ਲੌ ਰੁਚਿ ਹੀ ਤਬ ਲੌ ਰਘੁਬੀਰ ਰਹੇ ਰਿਖਿ ਕੇ ਬਹੁਤੇ ਸੁਖ ਪਾਯੇ ॥
ਬਾਤ ਕਹੀ ਬਨ [1]ਆਨਿ ਚਲੌਂ ਮੁਨਿ ਪਾਇ ਛੁਵੇ ਅਤਿ ਮੋਹ ਜਨਾਯੇ ॥
ਜਾਨਕੀ ਜਾਇਕੇ ਪਾਇ ਛੁਏ ਸੀਅ ਕੇ ਬਿਛਰੇ ਰਿਖਿ ਤੀ ਦੁਖ ਪਾਯੋ ॥
ਅੰਗ ਸੁ ਬਾਸ ਦਈ [2]ਕਕਈ ਪਟ ਮੋਤਿਨ ਹਾਰੁ ਗਰੇ ਪਹਿਰਾਯੋ ॥੬੨॥

ਅਗਸਤਉ ਵਾਚ

ਸਵੈਯਾ—ਰਾਮਹਿ ਏਕ ਸੁਮੰਤ੍ਰ ਦੀਓ ਰਿਖਿ ਜਾਂ ਰਿਪੁ ਕੋ ਸਿਰ ਭੁਇ ਨ ਪਰੈਗੋ ॥
ਕਾਟੇ ਹੂੰਤੇ ਉਪਜੈ ਪਲ ਮੈ ਕਹੁ ਸੋ ਤੁਮਤੇ ਕਿਹ ਭਾਂਤਿ ਡਰੈਗੋ ॥
ਤਾਂ ਰਿਪੁ ਕੇ ਸਿਰ ਕੋ ਯਹ ਬਾਨ ਸੁਨੋ ਪ੍ਰਭੁਜੂ ਇਹ ਭਾਂਤਿ ਹਰੈਗੋ ॥
ਜਯੋਂ ਮ੍ਰਿਗ ਝੁੰਡਨ ਸੋਂ ਮ੍ਰਿਗਰਾਜ ਭੁਜੰਗਨ ਸੋਂ ਖਗਰਾਜ ਲਰੈਗੋ ॥੬੩॥

ਸਵੈਯਾ—ਜਾਇ ਬਸੇ ਅਬ ਤਾ ਬਨ ਮੋਂ ਮਾਨੋਂ ਸਾਵਨ ਮੇਘਨ ਕੀ ਅਨੁਹਾਰੀ ॥
ਆਪਨੇ ਹਾਥ ਬਨਾਇ ਕੁਟੀ ਸੀਅ ਸੋਂ ਮਿਲ ਬੀਰਹਿ ਔਰ ਸਵਾਰੀ ॥
ਲੰਕ ਨਿਸਾਚਰ ਰਾਵਨ ਕੇ ਦਿਨ ਰੈਨ ਹੁਤੇ ਤਿਹ ਠਾਂ ਰਖਵਾਰੀ ॥
ਕੈਸੇ ਕੈ ਰਾਮਹਿ ਜਾਇ ਕਹਿਓ ਸੁਨ ਸੂਪਨਖਾ ਇਕ ਬਾਤ ਹਮਾਰੀ ।੬੪।

ਨਿਸਾਚਰੋਵਾਚ ਸੂਪਨਖਾ ਸੋਂ

ਸਵੈਯਾ—ਜਾ ਬਨ ਕੇ ਹਮ ਹੈਂ ਪ੍ਰਤਿਪਾਲਕ ਤਾਂ ਬਨ ਮੈ ਤਪਸੀ ਫਿਰ ਆਏ ॥
ਰਾਜ ਤਜਿਓ ਅਬ ਜੋਗ ਲੀਓ ਲਘੁ ਮੂੰਡ ਜਟਾਂ ਨਖ ਹੈਨ ਬਢਾਏ ॥
ਰੂਪ ਅਨੂਪਮ ਹੈਂ ਦੋਊ ਬੀਰ ਨ ਨੈਕੁ ਡਰੈਂ ਬਹੁਤੇ ਡਰਪਾਏ ॥
ਜੇ ਪਹਿਲੇ ਡਰ ਰਾਵਨ ਕੇ ਇਕ ਭਾਜ ਗਏ ਇਕ ਦੂਰ ਬਸਾਏ ।੬੫।

ਕਵਿਉ ਵਾਚ

ਕਬਿੱਤ—ਬਾਤ ਸੁਨਿ ਜਰੀ ਸੰਗ ਚਲੀ ਖੀਝ ਲਗੀ ਆਖੈਂ ਰਾਤੀ ਲੋਹੂ ਭਰੀ [3]ਰੋਖ
ਚਢਿਓ ਨਖਸੂਪ ਕੋ ॥ ਅੰਗ ਅੰਗ ਬਨੀ ਮਾਨੋ ਲਿਖੀ ਚਿੱਤ੍ਰਪਨੀ [4]ਗਟੀ

੧. ਦੂਸਰਾ ੨. ਕੰਘੀ ੩. ਲਿਖਾਰੀ ੪. ਗਿਣਤੀ।

ਮਨਹੀ ਮੈਂ ਗਨੀ ਆਜ ਬਰੌਂ ਕਾਮ ਭੂਪ ਕੋ ॥ ਬੈਰੀ ਵੁੱਦ੍ਰ ਜਾਗਿਓ ਤਾਂਕੇ ਐਸੇ ਪਾਛੇ ਲਾਗਿਓ ਜੈਸੇ ਪਾਰੋ ਜਾਇ ਭਾਗਿਓ ਦੇਖ ਸੁੰਦਰ ਸਰੂਪ ਕੋ ॥ ਲਾਂਬੀ [1]ਡਾਂਗ ਭਰੀ ਠੌਰ ਠੌਰ ਗਿਰ ਪਰੀ ਰਾਮ ਦੇਖੇ ਸਹਿ ਘਰੀ ਦੇਖ ਰਹੀ ਮੁਖ ਰੂਪ ਕੋ ॥੬੬॥

ਕਬਿੱਤ— ਪਰੀ ਕਾਮ ਬਸ ਤਾਕੀ ਸੁਸਾ ਜਾਕੇ ਮੂੰਡ ਦਸ ਕੀਨੇ ਹਾਉ ਭਾਉ ਚਿਤ ਚਾਉ ਏਕ ਬੰਦ ਸੋਂ ॥ [2]ਦੀਪ ਸੁਤ ਨੈਨਨ ਮੈਂ ਸੈਨਨ ਚਲਾਇ ਰਹੀ ਜਾਨਕੀ ਨਿਹਾਰ ਮਨ ਰਹੀ ਨ ਅਨੰਦ ਸੋਂ ॥ ਮਾਨੋ ਦੇਵ ਬਧੂ ਐਸੀ ਦੇਖੀ ਨਾਹਿ ਕਿਧੂ ਪ੍ਰਭੁ ਧਿਆਨ ਤੇ ਜਗਾਇ ਗਹਿ ਪਾਏ ਬੈਨ ਮੰਦ ਸੋਂ ॥ ਪਾਨ ਖਾਇ ਮੁਸਕਾਇ ਮੁਸਕਾਇ ਪਾਏ ਪਰ ਕੈ ਨਿਸਾਚਰੀ ਸੁ ਬੋਲੀ ਰਾਮ ਚੰਦ ਸੋਂ ॥੬੭॥

ਪ੍ਰਸ਼ਨੋਤ੍ਰ ਸੂਪਨਖਾ ਕੇ ਰਾਮ ਚੰਦ੍ਰ ਸੋਂ

ਕਬਿੱਤ— ਕੌਨੇ ਦੇਸ ਰਾਜ ਤਜ ਤਾਪਸੀ ਕੋ ਭੇਖ ਸਜ ਰੂਪਵੰਤ ਤੁਮਸੇ ਨ ਦੇਖੇ ਜੁਗ ਚਾਰ ਮੈਂ ॥ ਹੈ ਜੁ ਨਾਰਿ ਸੰਗ ਸੋਊ ਰਾਜਾ ਕੀ ਕੁਮਾਰ ਕਹੁ ਘਰ ਹੀ ਤੇ ਲਿਆਏ ਹੋ ਕਿ ਪਾਈ ਹੈ ਉਜਾਰ ਮੈਂ ॥ ਤੋਹਿ ਕਹਾਂ ਪਰੀ ਅਬ ਜਾਹੁ ਭਲੀ ਕਰੀ ਹਮ ਰਾਜਾ ਹੈਂ ਕਿ ਰੰਕ ਹੈਂ ਕਹੂੰ ਤੇ ਪਾਈ ਨਾਰਿ ਮੈਂ ॥ ਕਹੋ ਕਹਾਂ ਜਾਉਂ ਮੋਹਿ ਹੈ ਨ ਕਹੂੰ ਠਾਂਉ ਨਾਥ ਤੁਮੈ ਆਜ ਬਰੋਂ ਆਈ ਘਰ ਤੇ ਬਿਚਾਰ ਮੈਂ ॥੬੮॥

ਰਾਮਚੰਦ੍ਰਉ ਵਾਚ ਸੂਪਨਖਾ ਸੋਂ

ਕਬਿੱਤ— ਬੋਲੇ ਤਾਰਿ ਕਾਰਿ ਰੱਛ ਜੱਛ ਮੱਛ ਕੇਤ ਨਾਰਿ ਕਿਧੋਂ ਤ੍ਰਿਪੁਰਾਰਿ ਲੋਕ ਛਾਡ ਛਿਤ ਪਾਈ ਹੈ ॥ ਕਿਧੋ ਰੰਭਾ ਉਰਬਸੀ ਮੈਨਕਾ ਸੁਕੇਸੀ ਕੋਊ ਤਿਨ ਮੋ ਕਿ [3]ਮਘਵਾ ਪਠਾਈ ਮੋ ਪੈ ਆਈ ਹੈ ॥ ਡੋਲਤਿ ਅਕੇਲੀ ਕੋਊ ਸੰਗ ਨ ਸਹੇਲੀ ਸਮਝਾਇ ਕਹੁ ਕੌਨ ਤੇਰੋ ਤਾਤ ਮਾਤ ਭਾਈ ਹੈ ॥ ਸੀਤਾ ਤਬ ਬੋਲੀ ਤੁਮ ਗਜਾਨ ਪੋਥੀ ਖੋਲੀ ਯਹ ਕੋਊ ਬਨ ਆਪਦਾ ਭਲੀ ਲੈ ਮੂੰਹ

---

[1] ਕਦਮ ੨. ਸੁਰਮਾ ੩. ਇੰਦਰ ।

ਲਾਈ ਹੈ ॥੬੯॥

ਸਰੂਪਨਖਾ ਵਾਚ ਰਾਮਚੰਦ੍ਰ ਸੋਂ

ਕਬਿੱਤ— ਨਭ ਤੇ ਨ ਆਈ ਹੌਂ ਸੁਰੇਸ ਨ ਪਠਾਈ ਪ੍ਰਭੁ ਰੂਪ ਦੇਖ ਕਾਮ ਕੀ ਚਲਾਈ ਜਾਨ ਲੀਜੀਏ ॥ ਰਾਜਨ ਕੌ ਰਾਜਾ ਨਾਉਂ ਰਾਵਨ ਸੁ ਭਾਈ ਮੇਰੋ ਤੁਮੈ ਨ ਸੁਨਾਯੋ ਕਾਹੂ ਜਾਕੇ ਜਗਾਏ ਜੀਜੀਏ ॥ ਸਿਵ ਕੀ ਬਡਾਈ ਤੇ ਦੁਹਾਈ ਜਾਂ ਕੀ ਤੀਨ ਲੋਕ ਸੋਈ ਬਸੇ ਜਾਹਿ ਫੇਰ ਦੇਸ ਥਾਪ ਦੀਜੀਏ ॥ ਗਹੋ ਬਾਂਹ [1]ਨਾਰ ਸੇਵੋ ਚਾਂਪੋ ਪਗ ਛਾਰਿ ਜੈਸੇ ਸੀਤਾ ਘਰ ਮਾਹਿ ਤੈਸੇ ਦੂਜੀ ਮੋਹਿ ਕੀਜੀਏ ॥੭੦॥

ਰਾਮਚੰਦ੍ਰ ਵਾਚ ਸੂਪਨਖਾ ਸੋਂ

ਕਬਿੱਤ— ਸਮਾਚਾਰ ਜਾਨ ਮੁਸਕਾਨੇ ਕਹਯੋ ਬਾਤ ਸੁਨਿ ਤੈਂ ਨ ਪਹਿਚਾਨੇ ਹਮ ਬੈਠੇ ਜੋਗ ਭੇਸ ਮੈਂ ॥ ਤੈਂ ਨ ਸੁਨੀ ਬਾਤ ਰਘੁਬੰਸ ਮੈਂ ਜੁ ਹੋਤ ਜਾਤ ਆਨ ਤੀਆ ਸੋਂ ਨ ਬੋਲੈਂ ਘਰ ਨ ਬਿਦੇਸ ਮੈਂ ॥ ਤਾਂ ਮੈ ਏਕ ਰਾਮ ਮੇਰੋ ਨਾਮ ਹੌਂ ਲਜਾਊਂ ਭਾਰੀ ਤਾ ਮੈ ਸੀਅ ਸੰਗ ਜਾਹੁ ਛਾਡ ਆਜ ਕੇ ਸਮੈ ॥ ਭਲੀ ਸੁਧ ਆਈ ਲਛਮਨ ਮੇਰੋ ਭਾਈ ਦੌਰ ਤਾਹਿ ਬਰੋ ਜਾਈ ਵੂਹ ਪਰੈ ਜੋ ਕਲੇਸ ਮੈ ॥੭੧॥

ਸੂਪਨਖਾਉ ਵਾਚ ਲਛਮਨ ਸੋਂ

ਬੱਤ— ਚਲੀ ਤਬ ਧਾਇ ਲਛਮਨ ਪਾਇ ਛੁਏ ਜਾਇ ਬੋਲੀ ਮੁਸਕਾਇ ਏਕ ਬਾਤ ਕਹੂੰ ਭਾਵਤੀ ॥ ਬਰਬੇ ਕੇ ਕਾਜ ਰਾਮ ਤੁਮ ਪੈ ਪਠਾਈ ਹੌਂ ਗਜਾਨਨ ਮਨਾਇ ਆਈ ਤਾਂਤੇ [2]ਉਤਲਾਵਤੀ ॥ ਕਹਯੋ ਸੋਈ ਕੀਜੋਂ ਨ ਪਤਿਆਹੁ ਬੂਝ ਲੀਜੋਂ ਰੂਪ ਬਸ ਭਈ ਨਾਹੀਂ ਤੁਮੇਂ ਨ ਸੰਤਾਵਤੀ ॥ ਰਾਵਨ ਹੈ ਭਾਈ ਲੰਕ ਹੇਮ ਕੀ ਬਨਾਈ ਜਿਨ ਬਨ ਹੀ ਮੈ ਆਈ ਨਿਧਿ ਫੇਰੋ ਜਿਨ ਆਵਤੀ ॥੭੨॥

. ਸ਼ੀਘਰ।

ਲਛਮਨਉ ਵਾਚ ਸੂਪਨਖਾ ਸੋਂ

ਸਵੈਯਾ—ਤੋਹਿ ਕਹੌਂ ਸੁਨ ਬਾਤ ਨਿਸਾਚਰਿ ਤੂੰ ਜਨਨੀ ਮੇਰੀ ਹੈਂ ਤਬ ਹੀ ਤੇ ॥
ਕਾਮ ਕੌ ਭਾਉ ਧਰੇ ਮਨ ਮੋਂ ਰਘੁਬੀਰ ਕੇ ਤੀਰ ਗਈ ਜਬ ਹੀ ਤੇ ॥
ਕੈ ਅਬ ਜਾਹੁ ਤਹੀਂ ਪ੍ਰਭੁ ਪੈ ਚਲ ਆਸ ਤਜੋ ਹਮਰੀ ਅਬ ਹੀ ਤੇ ॥
ਜੌਂ ਚਲੈ ਪੂਰਬ ਕੋ [1]ਤਟਨੀ ਨਟਨੀ ਉਲਟੀ ਨ ਬਹੀ ਕਬ ਹੀ ਤੇ ॥੭੩॥

ਕਵਿਉ ਵਾਚ

ਸਵੈਯਾ—ਧਾਇ ਚਲੀ ਬਹੁਰੋ ਨ ਚਲੈ ਬਸ ਦੇਖ ਹਸੇ ਸੀਅ ਸੋਂ ਰਘੁਰਾਈ ॥
ਆਇ ਕਹਯੋ ਨ ਬਰੈ ਬਲਿ ਜਾਉਂ ਸੁ ਆਗੇ ਹੂੰ ਕੀ ਤਿਨ ਆਸ ਚੁਕਾਈ ॥
ਜਾਇ ਤਹੀਂ ਅਬ ਕੇ ਬਰਹੈ ਤੁਹਿ ਦੇਉਂ ਪਤੋ ਕਹੀਓ ਸਮਝਾਈ ॥
ਸੰਗ ਰਿਖੀਸੂਰ ਕੋ ਬਨ ਮੋਂ ਤੁਮ ਤਾਰਕਾ ਮਾਰਿ ਪਤਾਰ ਪਠਾਈ ॥੭੪॥

ਸਵੈਯਾ—ਆਇ ਕਹੀ ਸੋਈ ਬਾਤ ਸੁਨੀ ਪ੍ਰਭੁ ਸੋ ਨ ਬਰੈ ਤਿਨ ਔਰ ਬਤਾਈ ॥
ਜਾਇ ਕਹਯੋ ਸੰਗ ਪ੍ਰਾਨਨ ਲੈ ਰਘੁਨਾਥ ਕਛੂ ਮੋਹਿ ਔਰ ਜਨਾਈ ॥
ਬਾਰ ਛਿ ਸਾਤ ਫਿਰੀ ਇਤ ਤੇ ਉਤ ਰਾਮ ਭਲੀ ਉਪਮਾਂ ਜੀਅ ਆਈ ॥
ਮਾਨਹੁ ਬੀਰਨ ਕੂਲ ਦੋਊ ਭਰਿ ਰੋਖ ਬਡੇ ਨਦਿ ਨਾਉ ਚਲਾਈ ॥੭੫॥

ਕਬਿੱਤ ॥ ਤਿਨਹੂੰ ਬਿਚਾਰੀ ਏ ਨ ਦੋਊ ਬਿਭਚਾਰੀ ਪਤ ਰਹੀ ਨ ਹਮਾਰੀ ਤਬ ਆਪ ਰੂਪ ਹ੍ਵੈ ਗਈ ॥ ਪਾਇ ਤੌਂ ਪਤਾਲ ਕਰ ਸੀਸ ਕੌ ਅਕਾਸ ਕਰ ਏਕ ਏਕ ਬਾਂਹ ਕੋਸ ਡੇਢ ਡੇਢ ਲੌਂ ਗਈ ॥ ਬਾਵਰੀ ਦਿਵਾਨੀ ਕਛੂ ਐਸੀ ਬੋਲੈ ਬਾਨੀ ਜਾਤੇ ਜਾਨਕੀ ਡਰਾਨੀ ਕਾਂਪੈ ਮਾਨੋ [2]ਜੂੜੀ ਹ੍ਵੈ ਗਈ ॥ ਰਾਮੈ ਲਪਟਾਨੀ ਜੈਸੇ ਸੰਕਰਾ ਭਵਾਨੀ ਕਹਯੋ ਨਾਥ ਯਾਕੇ ਹਾਥ ਤੇ ਸੋ ਪ੍ਰੀਤਿ ਰੀਤਿ ਖ੍ਵੈ ਗਈ ॥੭੬॥

ਸਵੈਯਾ—ਹਾਥਨ ਸੋਂ ਨਰ ਮੂੰਡਨ ਫੇਰਿ ਸੁ ਜਾਨਕੀ ਕੋ ਡਰਪਾਵਨ ਲਾਗੀ ॥
ਮੋਹਿ ਕੀਓ [3]ਚਕਡੋਰ ਤਬੈ ਅਜਹੂੰ ਦੁਖ ਸੋਂ ਛਿਨ ਏਕ ਨ ਦਾਗੀ ॥
ਰਾਮ ਸੋਂ ਬਾਤ ਕਹੀ ਹਰੁਏ ਸੀਅ ਯਾਹਿ ਬਰੋ ਅਜਹੂੰ ਅਨੁਰਾਗੀ ॥

---

1. ਨਦੀ 2. ਸੁੰਨ 3. ਚਕ੍ਰ।

[1]ਸੌਂਤ ਸਹੌਂ ਸਿਰ ਪਾਇ ਗਹੌਂ ਅਰੀ ਤੂੰ ਯਹ ਰੂਪ ਤਜੈਂ ਨ ਅਭਾਗੀ ॥੭੭॥

ਸਵੈਯਾ—ਰਾਮ ਹਸੇ ਸੀਅ ਕੋ ਮੁਖ ਦੇਖਿ ਹਸੇ ਨ ਕਛੂ ਯਹ ਬਾਤ ਨਈ ਹੈ ॥
ਤੂੰ ਨ ਹੁਤੀ ਗਿਧਿ ਕੇ ਸੰਗ ਮੈਂ ਬਨ ਮੈ ਇਕ ਐਸੀ ਹੀ ਮਾਰ ਲਈ ਹੈ ॥
ਯਾਹਿ ਬਧੋ ਜਿਨ ਸ੍ਰੀ ਰਘੁਬੀਰ ਸੁ ਜੌਂ ਨ ਬਨੈ ਕੋਊਂ ਯੌਂ ਨ ਗਈ ਹੈ ॥
ਨਾਕ ਛਿਨਾਇ ਕਲੰਕ ਚਢਾਇ ਸੁ ਲੰਕ ਨਿਸੰਕ ਚਲਾਇ ਦਈ ਹੈ ॥੭੮॥

ਸਵੈਯਾ—ਕਾਟਿਓ ਹੈ ਕਾਨ ਸੌਂ ਨਾਕ ਬਨਾਇ ਸਹੀ ਰਘੁਰਾਇ ਵੈ ਬਾਤ ਰੁਸਾ ਕੀ ॥
ਲੋਹੂ ਚੁਚਾਤ ਗਈ ਢਿਗ ਰਾਵਨ ਜਾਇ ਪਰੀ ਜੈਸੇ ਭੀਤ [2]ਭੁਸਾ ਕੀ ॥
ਬਾਤ ਸੁਨੇ ਤਨ ਆਗ ਉਠੀ ਢਿਗ ਨਾਰਿ ਕਹੈ ਤਜ ਬਾਤ ਗੁਸਾ ਕੀ ॥
ਰਾਮ ਸੌਂ ਕੋਪ ਕੀਏ ਬਕਹਾਂ ਤੁਮ ਜੋਰਤ ਕਿਉਂ ਨਹਿ ਨਾਕ [3]ਸੁਸਾ ਕੀ ॥੭੯॥

ਦੋਹਰਾ ॥ ਏਕ ਨਿਸਾਚਰ ਹਸ ਪਰੇ ਭਲੀ ਕਰੀ ਰਘੁਰਾਇ ॥
ਨਾਕ ਕਾਢ ਦੌਰੀ ਹੁਤੀ ਆਈ ਨਾਕ ਕਟਾਇ ॥੮੦॥

ਦੋਹਰਾ ॥ ਏਕ ਕਹੈ ਤੁਮ ਹਸੋ ਜਿਨ ਕਹੌਂ ਬਾਤ ਸਮਝਾਇ ॥
ਬੁਢੀਆ ਮੁਏ ਨ ਰੋਈਏ ਪੈ ਜਮ ਗੀਧੌਂ ਜਾਇ ॥੮੧॥

ਸੋਰਠਾ ॥ ਨੈਕ ਨ ਨੈਨ ਸਿਰਾਹਿ ਯੋਂ ਤਲਫੈ ਲੰਕਾ ਪਤੀ ॥
ਜਿਉਂ ਥੋਰੇ ਜਲ ਮਾਂਹਿ ਜੇਠ ਮੀਨ ਦਾਦਰ ਬਸੈ ॥੮੨॥

ਕਬਿੱਤ—ਕਹਾਂ ਜਾਊਂ ਕਹਾਂ ਕਰੌਂ ਆਗ ਜੋ ਜਰਾਵੈ ਜਰੋਂ ਸਿੰਧ ਸਬ ਥਾਹਿ ਕੈਸੇ ਬੂਡ ਮਰੋਂ ਜਾਇ ਕੈ ॥ ਬੂਡੀ ਅਬ ਬਾਤ ਕੁਸਰਾਤ ਹੌਂ ਨ ਦੇਖੌਂ ਜਹਾਂ ਮਾਨਸ ਜਨਾਵੈਂ ਜੋਰ ਜੋਗੀ ਬਨ ਆਇ ਕੈ ॥ ਕਾਲ ਹੀ ਪਛਾਰੌਂ ਸੇਸਨਾਗ ਹੂੰ ਕੋ ਮਾਰੌਂ ਛਿਤ ਲੈ ਪਤਾਲ ਡਾਰੌਂ ਕਿ ਮੈਂ ਮਰੋਂ ਬਿਖ ਖਾਇ ਕੈ ॥ ਕੈਸੇ ਰਹੋਂ ਆਜ ਮੋਹਿ ਭਾਵੈ ਨਾਹੀ ਰਾਜ ਜੌਂ ਲੌਂ ਤਾਪਸੀ ਬਿਛੋਰ ਸੀਅ ਲਿਆਊਂ ਨ ਚੁਰਾਇ ਕੈ ॥੮੩॥

ਕਬਿੱਤ—ਐਸੋ ਸੋਚ ਕਰੈ ਕੁੜੈ ਮਨ ਹੀ ਮੈਂ ਮਰੈ ਤਬ ਮੇਘਨਾਦ ਆਦਿ ਬਾਤ ਕਹੀ ਹੈ ਉਪਾਇ ਕੀ ॥ ਬੋਲੇ ਖਰ ਦੂਖਨ ਤ੍ਰਿਮੁੰਡ ਸੰਗ ਦੀਨੇ ਝੁੰਡ ਕਹਿਓ

੧. ਸੌਂਟਨ ੨. ਭੇਸ ੩. ਭੈਣ।

ਜਾਇ ਮਾਰੋ ਸੋਈ ਬਾਤ ਤਿਨੋ ਜਾਇ ਕੀ ॥ ਪਾਛੇ ਨਾਕ ਜੋਰਬੇ ਕੇ ਕਾਜ ਪਚਹਾਰੇ ਸਬ ਕੈਸੇ ਜੁਰੈ ਰਾਮ ਬਾਤ ਕਹੌਂ ਸਤ ਭਾਇ ਕੀ ॥ ਆਵੈ ਜੋ ਪਿਨਾਕੀ ਤੋਊ ਜੁਰਹੈ ਨ ਤਾਂਕੀ ਦਸ ਮੂੰਡ ਤੇ ਨ ਹੋਹਿ ਯਹ ਕਾਟੀ ਰਘੁਰਾਇ ਕੀ ॥੮੪॥

ਕਬਿੱਤ—ਆਨ ਢਿਗ ਗਾਜੇ ਕਈ ਭਾਂਤਿਨ ਬਜਾਇ ਬਾਜੇ ਖਰ ਦੂਖਨਾਦਿ ਰਾਮਚੰਦ ਦੇਖ ਕੈ ਹਸੇ ॥ ਇਨ ਹੀ ਸੋਂ ਲਰਬੇ ਕੇ ਕਾਜ ਹਮ ਆਏ ਭਲੇ ਰਾਜਨ ਕੇ ਰਾਜਾ ਤੁਮ ਰਾਵਨ ਭਏ ਭਸੇ ॥ ਬਾਜੀ ਰਥ ਬਾਰਨ ਪਦਾਂਤ ਕੋਊ ਨਾਹੀਂ ਏਊ ਬੈਠੇ ਜੋਗ ਭੇਸ ਮੁਸਕਾਇ ਬਨ ਮੋ ਧਸੇ ॥ ਏਕ ਬਾਨ ਕਸੇ ਹਰ ਲੋਕ ਏਕ ਬਸੇ ਬੇਗ ਜੋ ਨਿਸੰਕ ਨਸੇ ਲੰਕ ਬਸੇ ਤੇਈ ਘਰ ਬਸੇ ॥੮੫॥

ਸਵੈਯਾ—ਬਾਤ ਸੁਨੀ ਸਬ ਬੋਲ ਬਡੇ ਭਟ ਔਰ ਉਪਾਇ ਕਹੋ ਸੋ ਕਰੋਂ ॥
ਉਨ ਲਾਖਿਨ ਮੋਂ ਨਹਿ ਏਕ ਫਿਰਿਓ ਦੁਖ ਹੈ ਛਤੀਆਂ ਕਿਹ ਭਾਂਤਿ ਭਰੋਂ ॥
ਜੁਗੀਆ ਇਕ ਲੰਕ ਮਰੀਚ ਬਸੈ ਸੋਈ ਹ੍ਵੈ ਮ੍ਰਿਗ ਸੋ ਬਨ ਜਾਇ ਚਰੋਂ ॥
ਕਰਿ ਭੇਸ ਤਪੋ ਧਨ ਕੋ [1]ਕਨ ਮਾਂਗਿ ਸੁ ਹੌਂ ਸੀਅ ਕੋ ਇਹ ਭਾਂਤਿ ਹਰੋਂ ।੮੬।

ਦੋਹਰਾ ॥ ਭਲੀ ਭਲੀ ਕਹਿ ਕਹਿ ਉਠੇ ਮਨ ਮੈਂ ਸਭ ਪਛੁਤਾਹਿ ॥
ਰਾਜ ਰਾਖਿ ਜੋਗੀ ਬਨੈ ਤਾਂ ਘਰ ਰੂਪਕ ਨਾਹਿ ॥੮੭॥

ਸੋਰਠਾ ॥ ਲਟੀ ਧਰਮ ਕੀ ਬਾਤ ਜਹਾਂ ਤਪੋ ਧਨ ਪਸੁ ਕੀਓ ॥
ਕਾਹੇ ਕੀ ਕੁਸਰਾਤਿ ਮਨ ਪਾਪੀ ਤਨ ਤਾਪਸੀ ॥੮੮॥

ਮੰਦੋਦਰੀਉ ਵਾਚ

ਦੋਹਰਾ ॥ ਸੁਨਿ ਬਿਚਾਰ ਮੰਦੋਦਰੀ ਬੋਲੀ ਬਚਨ ਰਿਸਾਤ ॥
ਖਰ ਦੂਖਨ ਪਲ ਮੈਂ ਹਤੇ ਤਹਾਂ ਨਾਹ ਕਸੋਂ ਜਾਤ ॥੮੯॥

ਸਵੈਯਾ—ਏਕ ਪਟੀ ਦਸਕੰਧ ਗਟੀ ਨ ਘਟੀ ਘਟਿ ਕੀ ਸਠ ਆਵ ਘਟੀ ॥
ਹਠਿ ਧੂਰ ਜਟੀ [2]ਕਮਠੀ [3]ਖਪਟੀ ਸਮ ਤੋਰ ਰਠੀ ਜਨ ਬਾਚ ਕਟੀ ॥
ਹਠਿ ਪੂਰ ਜਟੀ ਕਮਠੀ ਖਪਟੀ ਸਮ ਤੋਰ ਰਠੀ ਜਨ ਬਾਚ ਕਟੀ ॥
ਨ ਠਟੀ ਗਤਿ ਨਾਥ ਛਟੀ ਤਿਨਕੋ ਨਿਤ ਨਾਚਤਿ ਮੁਕਤਿ ਨਟੀ ਸੁ ਹਟੀ ॥

੧. ਭੀਖਨ ੨. ਧਨਖ ੩. ਖਪਾਚ।

ਸੁਨਿ ਕੰਤ ਕਰੀ ਭਗਨੀ ਨਕਟੀ ਸੋਈ ਰਾਮ ਬਿਰਾਜਤ ਪੰਚ ਬਟੀ ॥੯੦॥

ਸਵੈਯਾ—ਹਾਥਨ ਜੋਰ ਨਿਵਾਇ ਸਿਰੋ ਧਰ ਨਾਥ ਸੁਨੋ ਤੋ ਕਹੂੰ ਇਕ ਬਾਤੋ ॥
ਰਾਜਨ ਕੇ ਮੁਕਟਾਮਨ ਰਾਵਨ ਪਾਵਨ ਰਾਮ ਸੋਂ ਕੌਨ ਸੇ ਨਾਤੋ ॥
ਦੇਖਹੁ ਕਜੋਂ ਨ ਬਿਚਾਰ ਭੁਜਾ ਬਲ ਚੌਦਹਿ ਲੋਕ ਡਰੈ ਦਿਨ ਰਾਤੋ ॥
ਬਾਤ ਪੁਰਾਤਨ ਯੌ ਸੁਨੀਏ ਘਟ ਕੇਹਰ ਸੋਂ ਨ ਲਰੈ ਗਜ ਮਾਤੋ ॥੯੧॥

ਸਵੈਯਾ—ਮੂਰਖ ਨਾਹ ਦਸੋ ਸਿਰ ਸੋਂ ਸਖੀ ਜਾਨਤ ਹੌਂ ਦਿਨ ਆਵ ਘਟੇ ਹੈਂ ॥
ਲੋਚਨ ਬੀਸਨ ਸੂਝਤ ਨਾਹਿਨ ਹਾਥਨ ਬੀਸ ਹਥਯਾਰ ਜੁਟੇ ਹੈਂ ॥
ਪੂਤ ਸਪੂਤ ਭਯੋ [1]ਮਘਵਾਜਿਤ ਸੰਭੂ ਸੋ ਕੌਨ ਸੇ ਦਾਨ ਬਟੇ ਹੈਂ ॥
ਸੁੰਦਰ ਦ੍ਵੈ ਭੁਜ ਨੈਕ ਸੁਸੋਧਨ ਯਾਹੀ ਤੇ ਜਾਨਤ ਰਾਮ ਲਟੇ ਹੈਂ ॥੯੨॥

ਕਵਿਉ ਵਾਚ

ਸਵੈਯਾ—ਰੂਪ ਅਪਾਵਨ ਰਾਵਨ ਨੀਚ ਮਰੀਚ ਸੋਂ ਬਾਤ ਕਹੀ ਸਮਝਾਈ ॥
ਹੈਂ ਦੋਊ ਬੀਰ ਸਰੋਵਰ ਤੀਰ ਕੁਟੀ ਰਵਿ ਤੇਜ ਤਹਾਂ ਨ ਸਮਾਈ ॥
ਨਾਰ ਅਨੂਪਮ ਹੈ ਤਹਿੰ ਸੰਗ ਚੁਰਾਵਹੁ ਆਇਸ ਸੀਸ ਚਢਾਈ ॥
ਛਾਡ ਸਿਆਨ ਪਿਆਨ ਕਰੋ ਜਿਨ [2]ਧਾਨ ਤਜੈ ਤਜ ਪ੍ਰਾਨ ਪੁਸਾਈ ॥੯੩॥

ਸਵੈਯਾ—ਜਾਨ ਕੈ ਬਾਤ ਮਰੀਚ ਮਹਾਂ ਮੁਨ ਦੇਹ ਤੈ ਬਾਤ ਛੁਟਯੋ ਅਬ ਜੀ ਕੋ ॥
ਰਾਮ ਸੋਂ ਬੈਰ ਕੀਏ ਸੁਖ ਹੈ ਨ ਲਏ ਦਸ ਕੰਧ ਕਲੰਕ ਕੋ ਟੀਕੋ ॥
ਉਤਰ ਦੇਤ ਉਤਾਰਤ ਹੈ ਸਿਰ ਯੋ ਤਲਫੈ ਜੈਸੇ ਮੀਨ ਥਲੀ ਕੋ ॥
ਸੋਨੇ ਕੀ ਦੇਹ ਭਈ ਤੋ ਕਹਾਂ ਸੁ ਤਊ ਮ੍ਰਿਗ ਮੋਦਕ ਸਿੰਘ ਬਲੀ ਕੋ ॥੯੪॥

ਸਵੈਯਾ—ਜਾਤ ਬਨੈ ਨ ਰਿਸਾਤ ਬਨੈ ਠਹਿਰਾਤ ਬਨੈ ਨਹਿ ਹੈ ਦੁਚਿਤਾਈ ॥
ਹੈ ਉਤਪਾਤ ਕੀ ਬਾਤ ਸਹੀ ਜੌ ਪੈ ਰਾਵਨ ਰਾਮ ਤੇ ਪ੍ਰਾਨ ਉਡਾਈ ॥
ਤੌਂ ਮਨ ਕਯੋਂ ਪਛੁਤਾਤ ਅਬੈ ਤਜਿ ਲੰਕ ਪਤੀ ਗਹੁ ਰਾਮ ਕੇ ਪਾਈ ॥
ਠਾਢੋ ਭਯੋ ਮ੍ਰਿਗ ਸ੍ਵਾਂਗ ਲੀਓ ਤਿਨ ਕੂਦਤ ਫਾਂਦਤ ਚਾਲ ਦਿਖਾਈ ॥੯੫॥

ਦੋਹਰਾ—ਫਿਰ ਬੋਲੀ ਮੰਦੋਦਰੀ ਕੁਮਲਾਨੀ ਸਬ ਗਾਤ ॥

੧. ਮੇਘਨਾਦ ੨.ਆਗਜਾ ।

ਜਗੋਂ ਰੋਵੈ ਤਮ ਰਾਤ ਕੋ ਜਾਨਤ ਰਵਿ ਕੀ ਬਾਤ ॥੯੬॥

ਮੰਦੋਦਰੀਉ ਵਾਚ

ਸੋਰਠਾ—ਕੁੰਭ ਕਰਨ ਬਸਿ ਸੈਨ ਤੁਮ ਰਾਜਾ ਬਸਿ ਮੋਹ ਕੇ ॥
[1]ਦੇਵਰ ਕਛੁ ਨ ਕਹੈ ਨ ਲੰਕ [2]ਪੰਕ ਗਹਿਰੇ ਗਡੀ ॥੯੭॥

ਸੋਰਠਾ—ਅਜਹੂ ਚੇਤ ਸੰਭਾਰਿ ਪੀਅ ਤੀਅ ਬੈਨਨ ਮਨ ਧਰੋ ॥
ਪਾਪ ਬੀਜ ਜਿਨ ਡਾਰ ਛਾਂਹਿ ਦੁਹੇਲੀ ਬੈਸ ਸੀ ॥੯੮॥

ਸਵੈਯਾ—ਬੋਲ ਗਯੋ ਸਿਵ ਕੋ ਸੁਨ ਰੇ ਪਤਿ, ਤਾਹੀ ਕੇ ਸੰਗ ਸੁਹਾਗ ਹਮਾਰੋ ॥
ਭੂਤਲ ਬਾਸ ਰਹਿਓ ਕੁਲ ਕੋ ਅਬ, ਤੈਂ ਭੂਮ ਕੇ ਜਰ ਮੂਲ ਉਖਾਰੋ ॥
ਛੀਨ ਭਯੋ ਤਪ ਤੋਹਿ ਨ ਸੂਝਤ, ਜਿਉਂ ਤਰ ਊਪਰ ਤੇ ਅੰਧਿਆਰੋ ॥
ਰੇ ਸਠ ਕੰਤ ਰਹੇ ਹਟਕੈ, ਨ ਭਲੋ ਘਟਿ ਤੇ ਪਟ ਰਾਮ ਬਿਸਾਰੋ ॥੯੯॥

ਕਬਿੱਤ—ਰਾਮ ਸੋਂ ਨ ਬੈਰ ਕਰ ਪਾਪ ਜੀਅ ਮੈ ਨ ਧਰ ਮੁਨਿ ਸੋਂ ਨ ਅੜ ਬਾਤ
ਕੀਜੈ ਨ ਨਿਦਾਨ ਕੀ ॥ ਅਜ ਹੂੰ ਲੌ ਕੁਸਰਾਤ ਭਗਨੀ ਕੀ ਥੋਰੀ ਬਾਤ
ਨਾਕ ਕਾਟੀ ਕਾਟੀ ਏਕ ਹ੍ਵੈ ਗਈ ਅਚਾਨਕੀ ॥ ਕੇਤੇ ਬਲੀ ਮਾਰੇ ਖਰ
ਦੂਖਨ ਪਛਾਰੇ ਅਬ ਤੂੰ ਹੌ ਚਲਿਓ ਯੋਗੀ ਯਹ ਬਾਤ ਨ ਸਯਾਨ ਕੀ ॥
ਜਾਹਿ ਜੌ ਨ ਮਾਨੈ ਕੰਤ ਕਾਹੂ ਕੀ ਬਲਾਇ ਜਾਨੈ ਔਰ ਸਬ ਕੀਜੈਂ ਏਕ
ਹਰੋ ਜਿਨ ਜਾਨਕੀ ॥੧੦੦॥

ਕਵਿਉ ਵਾਚ

ਕਬਿੱਤ—ਨਾਰਿ ਕੀ ਨ ਮਾਨੀ ਬਾਤ ਦਿਨ ਹੀ ਕੋ ਕਹੈ ਰਾਤ ਬਡੋ ਉਤਪਾਤ ਹੋਨਹਾਰ
ਚਲਿਓ ਧਾਇ ਕੈ ॥ ਆਪ ਬਨਿਓ ਜੋਗੀ ਆਗੇ ਕੀਨੋ ਹੈ ਮਰੀਚ ਮੁਨਿ
ਦੇਖੈ ਕਵਿਰਾਮ ਮ੍ਰਿਗ ਸੋਨੇ ਕੋ ਬਨਾਇ ਕੈ ॥ ਕਹੂੰ ਪਾਤ ਖਾਤ ਕਹੂੰ ਊਂਚੇ
ਡਕਰਾਤ ਲੰਗਰਾਤ ਕਹੂ ਕਹੂ ਆਗੈ ਨੀਕੈ ਸੋਹੇ ਆਇ ਕੈ ॥ ਕਹੂ ਚਲੈ
ਦੌਰ ਬੈਠਿ ਪਾਤਨ ਕੀ ਓਟ ਕਹੂ ਜਾਨਕੀ ਨਿਹਾਰ ਰੂਪ ਰਹੀ ਹੈ ਲੁਭਾਇ
ਕੈ ॥੧੦੧॥

੧. ਬਿਭੀਖਨ ੨. [illegible]

ਕਠਿਨ ਕਠਿਨਾਈ ਕਿਉਂ ਟਰੈ ਬਿਨ ਰਘੁਬੀਰ ਸਹਾਇ ॥੧੦੨॥

ਦੋਹਰਾ ॥ ਜਨਕ ਸੁਤਾ ਮਨ ਮੈਂ ਕਹੈ ਕਿਉਂ ਮ੍ਰਿਗ ਪਕਰਿਓ ਜਾਇ ॥

ਸੋਰਠਾ ॥ ਕੰਚਨ ਮ੍ਰਿਗ ਕੇ ਹੇਤ ਹੌਂ ਜਾਚੌਂ ਰਘੁਨਾਥ ਕੋ ॥
ਜੇ ਬਨ ਬਸ ਸੁਖ ਦੇਤ ਅਰ ਜਾਨਤ ਪਰ ਪੀਰ ਕੋ ॥੧੦੩॥

ਕਬਿੱਤ—ਕੀਨੋ ਸੋਈ ਕਾਮ ਆਗੇ ਆਪ ਪਾਛੈ ਰਾਮ ਬਲ ਜਾਇ ਕਵਿ ਰਾਮ ਐਸੇ ਰੂਪ ਦੇਖ ਜੀਜੀਏ ॥ ਲੀਨੀ ਗਹਿ ਬਾਂਹਿ ਪ੍ਰਭੁ ਤਿਉਂ ਤਿਉਂ ਮੁਸਕਾਹਿ ਸੀਤਾ ਕਹਾਂ ਚਲੇ ਜਾਂਹਿ ਨਾਥ ਨੈਕ ਕਹਜੋ ਕੀਜੀਏ ॥ ਕੁੰਜਨ ਕੀ ਓਟ ਪਾਤ ਹਾਥਨ ਸੋ ਟਾਰ ਕਹੀ ਬਾਤ ਮ੍ਰਿਗ ਕੰਚਨ ਕੋ ਨੀਕੇ ਦੇਖ ਲੀਜੀਏ ॥ ਹੀਨ ਬਲ ਹੌਂਨਾ ਤੁਮੈ ਕੇਹਰ ਕੋ ਭੌਨਾ ਯਹ ਸਾਰੰਗ ਕੋ ਛੌਨਾ ਸੁਖਿਲੌਨਾ ਕਰ ਦੀਜੀਏ ॥੧੦੪॥

ਕਬਿੱਤ—ਭਯੋ ਚਿਤ ਭੰਗ ਅੰਗ ਅੰਗ ਸਬ ਕਾਂਪਿਓ ਰਾਮ ਜੈਸੇ ਸਿਵ ਸੰਗ ਮਾਨੋ ਦੂਸਰੋ ਅਨੰਗ ਹੈ ॥ ਮਾਂਗੇ ਬਿਨ ਆਨਿ ਦੀਨੋ ਧਨਖ ਨਿਖੰਗ ਤਾਕੋ ਰੰਗ ਨ ਪਛਾਨੈ ਜਾਨੈ ਹਠ ਹੀ ਮੈਂ ਰੰਗ ਹੈ ॥ ਕਹੈ ਰਘੁਬੀਰ ਤੂ ਸੁਰੰਗ ਦੇਖ ਭੂਲੋ ਜਿਨ ਭਜੈ ਸੁਖ ਆਜ ਲੈ ਤੁਰੰਗ ਪੀਠ ਤੰਗ ਹੈ ॥ ਕੀਨੋ ਦੁਖ ਪੰਗ ਸੁਨ ਜਾਨਕੀ ਕੁਰੰਗ ਨੈਨੀ ਹੋਇ ਨ ਕੁਰੰਗ ਯਹ ਬਡੋ ਈ ਕੁਰੰਗ ਹੈ ॥੧੦੫॥

ਸਵੈਯਾ—ਸੋਚ ਬਢਿਓ ਜੀਅ ਮੈਂ ਤਬ ਯੌਂ ਮ੍ਰਿਗ ਕੰਚਨ ਕੋ ਨ ਰਚਿਓ ਜਗ ਸਾਂਈ ॥
ਜੌਂ ਨ ਬਧੌਂ ਸੀਅ ਪ੍ਰਾਨ ਤਜੈ ਅਰ ਮੈਂ ਅਬ ਲੌ ਕਬਹੂੰ ਨ ਰੁਸਾਈ ॥
ਬੀਰਹਿ ਬੋਲ ਕਹਿਓ ਸੁਖ ਸੋਂ ਦਿਨ ਕਾਟਤਿ ਹੈ ਬਨ ਮੈ ਅਬ ਤਾਈਂ ॥
ਜਾਨਕੀ ਆਨਕੀ ਦੇਖਤ ਹੋਂ ਤੋਊ ਛਾਡਤ ਹੋਂ ਤੁਮਰੀ ਸਰਨਾਈ ॥੧੦੬॥

ਲਛਮਨਉ ਵਾਚ ਰਾਮਚੰਦ੍ਰ ਸੋਂ

ਸਵੈਯਾ—ਆਇਸ ਨੈਕ ਸੁਨੋਂ ਪ੍ਰਭੁ ਕੋ ਸਸਿ ਕੇ ਰਥ ਕੋ ਮ੍ਰਿਗ ਜਾਇ ਉਖਾਰੋਂ ॥
ਕਾਹੇ ਕੋ ਨਾਥ ਕਰੋ ਸ੍ਰਮ ਕੋ ਤੁਮ ਯਾਹਿ ਕਹੋ ਛਿਨ ਹੀ ਮਹਿ ਮਾਰੋਂ ॥
ਜੌਂ ਛਲ ਮੋਹਿ ਛਲਾਇ ਚਲੈ ਬਿਨ ਵਾਹਿ ਹਨੇ ਨਹਿ ਹੌਂ ਪਗ ਧਾਰੌਂ ॥

ਬੀਰ ਸਹੀ ਸੀਅ ਮੋਹਿ ਕਹੀ ਅਬਹੌਂ ਤੁਮਕੌਂ ਕਿਹ ਭਾਂਤ ੧ਪਚਾਰੌਂ ॥੧੦੭॥

ਕਵਿਉ ਵਾਚ

ਸਵੈਯਾ—ਕੰਚਨ ਕੋ ਮ੍ਰਿਗ ਕੋ ਅਬ ਲੌਂ ਨ ਬਿਰੰਚ ਰਚਿਓ ਦੁਖ ਕੋ ਫਲ ਹੈ ॥
ਕਿ ਕਲੰਕ ਬਢਿਓ ਰਘੁ ਕੇ ਕੁਲ ਮੋ ਕਿ ਨਿਸਾਚਰ ਕੋ ਬਨ ਮੈ ਛਲ ਹੈ ॥
ਕਿਧੋਂ ਰਾਵਨ ਤੇਜ ਬਢਿਓ ਸਮ ਪਾਵਕ ਤਾਹਿ ਸਮਾਪਤ ਕੋ ਜਲ ਹੈ ॥
ਕਹਿ ਰਾਮ ਚਲੇ ਸੀਅ ਛਾਡਿ ਕੁਟੀ ਪੀਅ ਕੋ ਨ ਕਛੂ ਤੀਅ ਕੋ ਬਲ ਹੈ ॥੧੦੮॥

ਇਤਿ ਰਾਮ ਗੀਤੇ ਤ੍ਰਿਤਿਯੋ ਅੰਕ ॥੩॥

—o—

ਅਥ ਚੌਥਾ ਅੰਕ

ਸਵੈਯਾ—ਲੈ ਕਰਿ ਤੀਰ ਸਰਾਸਨ ਸ੍ਰੀ ਰਘੁਬੀਰ ਚਲੇ ਸੀਅ ਬੋਲ ਅਰੇ ਹੈਂ ॥
ਫਾਂਧਤ ਖੇਤਨ ਲੈ ਨਿਕਸਿਓ ਤਿਨਹੂ ਮੁਨਿ ਏਕ ਬਿਨੋਦ ਕਰੇ ਹੈਂ ॥
ਪੌਨ ਮਿਲੈ ਤਬ ਏਕ ਹੀ ਬਾਨ ਗਿਰਾਇ ਲੀਓ ਬਿਨ ਪ੍ਰਾਨ ਪਰੇ ਹੈਂ ॥
ਜਾਨਕੀ ਤਾ ਮ੍ਰਿਗ ਹੇਤ ਹਰੇ ਤ੍ਰਿਨ ਤੋਰਿ ਪਖਾਰ ਬਨਾਇ ਧਰੇ ਹੈਂ ॥੧॥

ਕਬਿੱਤ—ਗਿਰਿਓ ਕਹਿ ਰਾਮ ਨਾਮ ਲਛਮਨ ਕੋ ਪੁਕਾਰ ਲੀਨੋ ਬਾਰ ਬਾਰ ਨਾਮ ਸੁਨਿਓ ਹੈ ਅਚਾਨਕੀ ॥ ਮ੍ਰਿਗ ਹੀ ਕੇ ਹੇਤ ਮਨ ਨੈਨ ਕਾਨ ਏਕ ਤਾਨ ਸਾਵਧਾਨ ਠਾਢੀ [1]ਉਤ ਦੈਕੈ ਧਜਾਨ ਜਾਨਕੀ ॥ ਬਡੋ ਉਤਪਾਤ ਰਾਮ ਗਾਤ ਕੀ ਨ ਕੁਸਰਾਤ ਤਾਕੋ ਫਲ ਲਾਗਿਓ ਬਾਤ ਕਰੀ ਨ ਸਿਆਨ ਕੀ ॥ ਲੋਟੈ ਧਰ ਮੀਜੈ ਕਰ ਤਾਤ ਬਿਧਿ ਪੀਰ ਹਰ ਪ੍ਰਾਨ ਕਜੋਂ ਨ ਲੇਤ ਦੇਹ ਲਾਗਤ ਗਿਲਾਨ ਕੀ ॥੨॥

ਪ੍ਰਸ਼ਨੋਤ੍ਰ ਸੀਤਾ ਕੇ ਲਛਮਨ ਸੋਂ

ਕਬਿੱਤ—ਬੋਲ ਲਛਮਨ ਜੂ ਸੋਂ ਕਹੀ ਸਬ ਬਾਤ ਸੀਅ ਜਾਹੁ ਅਬ ਬੀਰ ਸੁਧ ਲੇਹੁ ਬੀਰ ਪੀਰ ਕੀ ॥ ਸੋਕ ਤਜ ਮਾਤ ਐਸੋ ਕੌਨ ਤੀਨੋ ਲੋਕ ਮਾਂਹਿ ਟੇਢੀ ਕਰ ਭੌਂਹਿ ਓਰ ਦੇਖੈ ਰਘੁਬੀਰ ਕੀ ॥ ਸੱਕ੍ਰ ਸਿਵ ਸੇਖ ਸਿੰਧੁ ਚੰਦ੍ਰਮਾ ਬਿਰੰਚ ਜਮ ਨਰਪਤਿ ਸੇਵੈ [2]ਰਜ ਜਾਕੇ ਪਗ ਤੀਰ ਕੀ ॥ ਮਾਰ ਮ੍ਰਿਗ ਕੰਚਨ ਕੋ ਐਹੈਂ ਮ੍ਰਿਗਰਾਜ ਰਾਮ ਕਾਹੇ ਕੋ ਹੈਂ ਹੋਤ ਸਫਰੀ ਬਿਨਾਹੀ ਨੀਰ ਕੀ ॥੩॥

ਸੀਤਾਉ ਵਾਚ ਲਛਮਨ ਸੋਂ

ਵੈਯਾ—ਘਾਤ ਕਰੋਂ ਰਘੁਨਾਥ ਬਿਨਾਂ ਤਨ ਤੂ ਮੋਹਿ ਬਾਤਨ ਹੀ ਸਮਝਾਵੈ ॥
ਵੈ ਪਦ ਕੰਜ ਬਿਨਾ ਨਿਰਖੇ ਘਰੀ ਚਾਰ ਭਈ ਕਹੁ ਕਜੋਂ ਕਲਿ ਆਵੈ ॥

ਦੀਨੇ ੨. ਧੂੜੀ

ਹੈ ਦ੍ਰਿੜ ਪ੍ਰੀਤਿ ਸਹੀ ਪ੍ਰਭੁ ਸੋਂ ਸੁਨਿ ਤਾਹਿ ਤੇ ਜਾਨਕੀ ਤੋਹਿ ਪਠਾਵੈ ॥
ਲੈ ਕਰ ਬਾਨ ਨਿਖੰਗ ਕਸਜੋ ਕਟਿ ਦੂਰ ਹੀ ਤੇ ਪਗ ਕੋ ਸਿਰ ਨਾਵੈ ॥੪॥

ਕਵਿਉ ਵਾਚ

ਸਵੈਯਾ—ਏਕ ਬਿਚਾਰ ਕੀਓ ਮਨ ਮੈ ਸੀਆ ਕੇ ਹਠ ਤੇ ਪ੍ਰਭੁ ਪੈ ਅਬ ਧਾਊਂ ॥
ਹੈ ਬਨ ਮਾਹਿ ਨਿਸਾਚਰ ਕੋ ਛਲ ਮਾਤ ਕੈ ਬੋਲਨ ਕਜੋਂ ਉਲਟਾਊਂ ॥
ਰੇਖ ਕਰੀ ਚਹੂੰ ਓਰ ਕਹਯੋ ਸੁਨ ਯਾ ਤਜ ਪਾਉਂ ਨ ਦੇਹੁ ਅਗਾਊਂ ॥
ਜੋ ਬਿਧਿ ਲੌ ਇਹ ਬੀਚ ਪਰੈ ਜਰ ਛਾਰ ਉਡੈ ਤਨ ਕੀ ਤੁਰਤਾਊਂ ॥੫॥

ਸਵੈਯਾ—ਯੌਂ ਕਹਿ ਕੈ ਸੋਈ ਜਾਤ ਭਯੋ ਬਨ ਢੂੰਢਤ ਰਾਮ ਘਰੀ ਕੁ ਨ ਪਾਯੋ ॥
ਤੌ ਲਗਿ ਰਾਵਨ ਹ੍ਵੈ ਜੁਗੀਆ ਸੀਅ ਕੇ ਢਿਗ ਗੋਰਖਨਾਥ ਜਗਾਯੋ ॥
ਜਾਨ ਅਤੀਤ ਭਰੇ ਕਰ ਤੰਦੁਲ[1] ਰੇਖ ਤੇ ਬਾਹਿਰ ਪਾਉਂ ਨ ਪਾਯੋ ॥
ਸੋ ਨ ਗਹੈ ਬਿਨ ਭੀਖ ਚਲਯੋ ਕਹਿ ਦਾਨ ਬੰਧਯੋ ਅਬ ਲੌ ਨਹਿ ਖਾਯੋ ॥੬॥

ਰਾਵਨਉ ਵਾਚ ਸੀਤਾ ਸੋਂ

ਸਵੈਯਾ—ਰਾਜ ਕਰੋ ਤੁਮ ਭੂਖ ਲਗੇ ਹਮ ਖੱਪਰ ਔਰ ਕੇ ਆਗੇ ਧਰੈਂਗੇ ॥
ਭਾਮਨਿ ਭੀਖ ਬੰਧੀ ਕਿਹ ਕਾਮ ਸੁ ਤੋਹਿ ਤਜੇ ਹਮਹੂੰ ਨ ਮਰੈਂਗੇ ॥
ਜਾਨਤ ਹੋਂ ਜੀਅ ਮੈ ਸੁਨਿ ਸੁੰਦਰਿ ਤੌ ਸੰਗ ਰਾਮ ਨ ਆਇ ਲਰੈਂਗੇ ॥
ਜੋ ਸੁਨਿ ਹੈਂ ਕੋਊ ਭੀਖ ਬਿਨਾ ਗਯੋ ਤਾਂ ਦਿਨ ਭੋਜਨ ਹੂੰ ਨ ਕਰੈਂਗੇ ॥੭॥

ਕਵਿਉ ਵਾਚ

ਸਵੈਯਾ—ਯੌਂ ਡਰਪਾਇ ਪਿਸਾਚ ਕਹੈ ਬਿਧਿ ਜਾਨਤ ਮੂੰਡ ਕਲੰਕ ਦੀਓ ॥
ਰਘੁਬੀਰਹਿ ਜਾਚ ਚਲੇ ਤਜਿ ਤੰਦੁਲ ਤਾ ਦਿਨ ਹੈ ਕਿਹ ਕਾਮ ਜੀਓ ॥
ਅਬ ਯੌਂ ਚਲ ਹੈ ਜਗ ਮੈਂ ਯਹ ਬਾਤ ਨ ਹੈ ਘਰ ਰਾਮ ਨ ਬੀਰ [2]ਬੀਓ ॥
ਤਬ ਪੀਅ ਬਿਨਾ ਸੀਅ ਏਕ ਅਤੀ ਤਹਿ ਭੀਖ ਦਈ ਨ [3]ਸਮੋਧ ਕੀਓ ॥੮॥

ਜਾਨਕੀਉ ਵਾਚ

ਕਬਿੱਤ—ਰੇਖ ਛਾਡਿ ਜਾਊਂ ਤੋ ਡਰਾਊਂ ਲਖਮਨ ਜੀਤੇ ਭੀਖ ਬਿਨ ਦੀਨੇ ਭੀਖ ਮੀਚ

੧. ਚਾਵਲ ੨. ਦੂਜਾ ੩. ਆਦਰ ।

ਹੈਂ ਨ ਪਾਵਤੀ ॥ ਕੋਊ ਮੰਦ ਭਾਗੀ ਯਹ ਰਾਮ ਕੇ ਨ ਆਗੇ ਆਯੋ ਦਰਸਨ ਹੈਂ ਨ ਪਾਵਤੀ ॥ ਕੋਊ ਮੰਦ ਭਾਗੀ ਯਹ ਰਾਮ ਕੇ ਨ ਆਗੇ ਆਯੋ ਦਰਸਨ ਪਾਵਤੇ ਹੈਂ ਦੇਤ ਨ ਸੰਕਾਵਤੀ ॥ ਲੀਕ[1] ਮੇਟ ਦੇਊਂ ਫਿਰ ਲੀਕ ਹੀ ਪਾਵਤੇ ਹੈਂ ਦੇਤ ਨ ਸੰਕਾਵਤੀ ॥ ਸੋਈ ਭਗਵੰਤ ਜੁਕੋ ਭਾਵਤੀ ॥ ਦੇਖੋ ਮਿਲਾਇ ਲੇਊਂ ਹੈ ਹੈ ਬਾਤ ਸੋਈ ਭਗਵੰਤ ਜੁਕੋ ਭਾਵਤੀ ॥ ਦੇਖੋ ਕਵਿਰਾਮ ਕੌਨ ਜਾਨਕੀ ਸੈਂ ਕਹੈ ਯਹ ਲੀਕ ਹੀ ਮੈ ਬੋਲ ਕੈ ਜੰਜਾਰ ਨ ਚੁਕਾਵਤੀ ॥੯॥

ਰਾਵਨਉ ਵਾਚ

ਸਵੈਯਾ—ਤੌ ਹੀ ਲੌ ਆਇ ਸੁ ਬੋਲ ਉਠਿਓ ਤੁਮ ਆਇਸ ਦੇਹ ਕਛੂ ਨ ਹਮਾਰੇ ॥
ਹੌ ਉਠਿ ਜਾਉਂ ਕਹਾਂ ਬਸ ਹੈ ਉਪਜੀ ਨ ਦਯਾ ਜੀਅ ਮਾਂਹਿ ਤੁਮਾਰੇ ॥
ਲੀਕ ਮਿਟਾਵਤ ਹੀ ਸੁਨ ਸੁੰਦਰ ਸੂਰ ਸਸੀ ਗਿਰ ਹੈਂ ਨਭ ਤਾਰੇ ॥
ਜੌ ਨਹਿ ਜਾਨਤ ਸੋ ਸਠ ਰਾਵਨ ਮਾਂਗਤ ਭੀਖ ਕਿ ਮੀਚ ਪੁਕਾਰੇ ॥੧੦॥

ਕਵਿਉ ਵਾਚ

ਸਵੈਯਾ—ਤਾਹੀ ਕੇ ਹੇਤ ਲਈ ਕਰ ਭੀਖ ਦਈ ਤਜਿ ਫੂਲਨ ਕੀ ਨਵਲਾਸੀ ॥
ਬੋਲਿ ਕਹਿਓ ਅਬ ਬੀਰ ਤਪੋ ਧਨ ਲੈ ਜਬ ਲੌ ਨਹਿ ਰਾਮ ਬਿਲਾਸੀ ॥
ਆਇ ਗਿਓ ਢਿਗ ਹੀ ਕਪਟੀ ਜੀਅ ਮਾਨਹੁ ਫੂਲ ਕਨੇਰ [2]ਪਲਾਸੀ ॥
ਲੀਕ ਮਿਟੀ ਪਗ ਸੋਂ ਜਬ ਹੀ ਤਬ ਰਾਹੁ ਗ੍ਰਸੀ ਮਾਨੋ ਚੰਦ੍ਰ ਕਲਾਸੀ ॥੧੧॥

ਸਵੈਯਾ—ਲੀਕ[3] ਕਟੀ ਕਿਧੋਂ ਆਯੁ ਦਸਾਨਨ ਕੈ ਸ਼ਿਵ ਖੋਲ ਜੰਜੀਰ ਛੁਟੀ ॥
ਕਵਿ ਰਾਮ ਕਿਧੋ ਕਹਿ ਰਾਘਵ ਕੇ ਸੁਖ ਕੇ ਸਰ ਕੀ ਜਨੁ [4]ਪਾਲ ਫੁਟੀ ॥
ਕਿਧੋਂ ਦੇਵਨ ਕੀ ਦੁਖ ਫਾਂਸ ਹੁਤੀ ਸੀਅ ਕੇ ਪਗ ਲਾਗ [5]ਤਰਾਕ ਟੁਟੀ ॥
ਮਾਨੋ ਰਾਵਨ ਰਾਹੁ ਮਯੰਕ ਕਲਾ ਕਟਿ ਪੂਰਨ ਮੋਂ ਪਰਵਾੜ ਪਟੀ ॥੧੨॥

ਇਤਿ ਸ੍ਰੀ ਰਾਮ ਗੀਤੇ ਚਤੁਰਥ ਅੰਕ ॥੪॥

—o—

੧. ਲਕੀਰ ੨. ਕੇਸਰ ੩. ਲਕੀਰ ੪. ਬੰਨਾ ੫. ਜਲਦੀ ।

ਅਥ ਪੰਚਮੋਂ ਅੰਕ

ਕਵਿਉ ਵਾਚ

ਕਬਿੱਤ—ਹਾਥ ਗਹਿ ਲੀਨੋ ਨਾਜ ਭੀਖਕੋ ਸੁ ਡਾਰ ਦੀਨੋ ਐਸੋ ਕਾਮ ਕੀਨੋ ਜੈਸੇ ਕੋਊ ਨ ਕਰਤ ਹੈ ॥ ਹਾਇ ਰਘਬੀਰ ਰਨ ਧੀਰ ਪਰ ਪੀਰ ਹਰਿ ਆਜ ਤੋ ਬਿਰਹਿ ਸੇ ਮੂੰਡ ਭੂਮ ਮੈ ਪਰਤ ਹੈ ॥ ਹਾਇ ਲਛਮਨ ਮੇਰੇ ਢਿਗ ਤੇ ਕਤੋਂ ਜਾਇ ਹਾਇ ਹਾਇ ਕਰ ਜਾਨਕੀ ਪੁਕਾਰ ਜਤੋਂ ਜਰਤ ਹੈ ॥ ਡੀਡ ਤੇ ਬਿਛੋਰੀ ਰਾਮ ਛਾਡੋ ਮ੍ਰਿਗ ਬਾਤ ਥੋਰੀ ਜੋਗੀਆ ਅਘੋਰੀ ਮੋਹਿ ਝੋਰੀ ਮੇਂ ਧਰਤ ਹੈ ॥੧॥

ਕਬਿੱਤ—ਹਾ ਬਿਰੰਚ ਹਾ ਸੁਰੇਸ ਛੈ ਮੁਖ ਸਸੀ ਗਨੇਸ ਜਾਨਤ ਦਿਨੇਸ ਹੂੰ ਕੋ ਥੋਰਜੋ ਕਛੂ[1] ਪੋਤ ਹੈ ॥ ਸਾਚ ਕਹਜੋ ਜਾਨਕੀ ਸੁ ਕਾਹੇ ਕੋ ਛੁਡਾਵੈਂ ਦੇਵ ਰਾਮ ਕਵਿ ਕਾਮ ਆਜ ਉਨਹੀ ਕੋ ਹੋਤ ਹੈ ॥ ਲੈ ਉਡਜੋ ਲੰਕੇਸ ਤਜਿ ਤਾਪਸੀ ਕੋ ਭੇਸ ਭੁਜ ਬੀਸ ਦਸ ਸੀਸ ਕਰ ਥੋਰਜੋ ਕੁਲ ਗੋਤ ਹੈ ॥ ਬਿਦਾ ਭਯੋ ਭਾਗ ਔ ਮੰਦੋਦਰੀ ਸੁਹਾਗ ਕਹਜੋ ਰਾਮ ਰਾਮ ਰਾਜ ਅਬ ਤੇਰੋ ਨ ਉਦੋਤ ਹੈ ॥੨॥

ਦੋਹਰਾ ॥ ਇਹ ਬਿਧਿ ਸੀਅ ਰਾਵਨ ਹਰੀ ਰਾਮ ਹਰੇ ਮ੍ਰਿਗ ਪ੍ਰਾਨ ॥
ਬਹੁਤ ਸੁਖੀ ਅਤਿ ਇਕ ਦੁਖੀ ਕਥਾ ਆਨ ਕੀ ਆਨ ॥੩॥

ਸੋਰਠਾ ॥ ਯੌਂ ਜਾਨਤ ਸਭ ਕੋਇ ਯਹ ਮਗ ਤਜ ਸੁਰ ਮਗ ਗਯੋ ॥
ਜਨਕ ਸੁਤਾ ਨਹਿ ਹੋਇ ਮਨੋ ਮੀਚ ਲੈ ਨਭ ਉਡੀ ॥੪॥

ਸਵੈਯਾ—ਉਤ ਮਾਰਿ ਕੁਰੰਗਹਿ ਰਾਮ ਫਿਰੇ ਬਨ ਤੇ ਘਰ ਕੋ ਸੰਗ ਬੀਰ ਲਏ ॥
ਇਤ ਰਾਵਨ ਆਨ ਕੁਰੰਗ ਕੀਓ ਘਰੀ ਚਾਰ ਭਈ ਸੀਅ ਚੋਰੀ ਗਏ ॥
ਸੋਈ ਦੂਰ ਹੀ ਤੇ ਨਹਿ ਡੀਠ ਪਰੀ ਜਹ ਜੋਵਤ ਹੀ ਮਨ ਨੈਨ ਦਏ ॥

੧. ਥੋੜੀ।

ਤਹ ਆਇ ਰਹੇ ਪਛੁਤਾਇ ਦੋਊ ਜਹਾਂ ਰੇਖ ਕਟੀ ਪਗ ਸੋਂ ਹਰਏ ॥੫॥

ਕਬਿੱਤ—ਜਾਨਕੀ ਨ ਪਾਈ ਰੋਇ ਉਠੇ ਰਘੁਰਾਈ ਕਹੇ ਬੀਰਹਿ ਸੁਨਾਈ ਆਈ ਬਾਤ ਪ੍ਰਾਨ ਅੰਤ ਕੀ ॥ ਖਾਇ ਕੈ ਤਵਾਰ ਸੁ ਕੁਮਾਰ ਕਹੈ ਬਾਰ ਬਾਰ ਫੂਲੀ ਬੇਲ ਕੋਊ ਗਜ ਲੈ ਗਯੋ ਬਸੰਤ ਕੀ ॥ ਦੇਖ ਬਨ ਹਾਰਿ ਪਰੇ ਕੋਸਕ ਪੁਕਾਰ ਫਿਰੇ ਮਾਨੋ ਮਨਿ ਗਈ ਫਨ ਬਾਸਕ ਅਨੰਤ ਕੀ ॥ ਦੇਖਯੋ ਤੀਨ ਓਰ ਧਾਮ ਪਾਛੇ ਬੋਲ ਉਠੇ ਰਾਮ ਚੌਥੀ ਓਰ ਦੇਖੀ ਭਾਵੈ ਦੇਹ ਸੀਅ ਕੰਤ ਕੀ ॥੬॥

ਰਾਮਚੰਦ੍ਰਉ ਵਾਚ ਲਛਮਨ ਸੋਂ

ਕਬਿੱਤ—ਬੇਨੀ ਸੇਸਨਾਗ ਮੁਖ ਰੋਹਨੀ ਸੁਹਾਗ ਦੋਊ ਲੋਚਨ ਕੁਰੰਗ ਭੌਂਹ ਭ੍ਰਿੰਗ ਦੁਖ ਦੈ ਗਏ ॥ ਕੋਕਲਾ ਸੁ ਬੈਨ ਅਰ ਚਾਲ ਗਜਰਾਜ, ਮ੍ਰਿਗਰਾਜ ਕਟਿ ਆਜ ਕਰ ਕੰਜਨ ਮੈ ਰੈ ਗਏ ॥ ਕਦਲੀ ਸੁ ਜੰਘ ਅੰਗ ਜੋਤ ਕੋ ਅਨੰਗ ਹੰਸ ਪਾਇਨ ਕੋ ਪਾਇ ਮੇਰੇ ਪਾਛੇ ਕਰ ਜੈ ਗਏ ॥ ਕਹੇ ਰਘੁਬੀਰ ਛਬ ਜਾਨਕੀ ਚੁਰਾਈ, ਸੋਈ ਜਾਨਕੀ ਕੋ ਮਾਰ ਭਾਈ ਤੇਈ ਬਾਟ ਲੈ ਗਏ ॥੭॥

ਕਬਿੱਤ—ਹ੍ਵੈ ਗਏ ਨਿਰਾਸ ਗਈ ਆਸ ਸਿੰਧੁ ਪਾਰ, ਤਜਿ ਪਾਤ ਕੇ ਅਵਾਸ ਦੁਖ ਸੁਨੋ ਦੋਊ ਬੀਰ ਕੇ ॥ ਚਕਵਾ ਚਕੋਰਨਿ ਕੁਰੰਗ ਸਿੰਘ ਮੋਰਨਿ ਕੋ ਬੂਝੈਂ ਸੀਅ ਸੋਧ ਬੂਝੈਂ ਰੂਖ ਪੰਖ ਤੀਰ ਕੇ ॥ ਛੁਵੇ ਜਲ [1]ਜਾਤ ਜਲ[2] ਜਾਤ ਨ੍ਹਾਤ ਨੀਰ ਗਾਤ ਲਾਗੇ ਬਾਤ ਜੈਸੇ ਤਾਤੇ ਰੇਤ ਕਣ ਨੀਰ ਕੇ ॥ ਲੋਚਨ ਚੁਚਾਤਿ ਨਾਹੀ ਸੁਧਾ ਅਧਰਨ ਮਾਹੀਂ [3]ਅੰਗਨਾ ਬਿਹੀਨ ਐਸੇ ਅੰਗੁ ਰਘੁਬੀਰ ਕੇ ॥੮॥

ਰਾਮਚੰਦ੍ਰਉ ਵਾਚ ਲਛਮਨ ਸੋਂ

ਸਵੈਯਾ—ਘਸ ਲਾਇ ਲਗਾਇ ਨ ਚੰਦਨ ਕੋ ਤਰੁ ਤੇ ਨ ਛੁਡਾਇ ਫਨੀ ਮਨਿੰ ਕੋ ॥
ਅਰ ਬੀਰ ਉਸੀਰਹਿ ਦੂਰ ਕਰੋ ਨ ਬੁਝੈ ਦੁਖ ਪਾਵਕ ਕੋ ਕਨਕੋ ॥

੧. ਕੋਮਲ ੨. ਸੜ ੩. ਇਸਤ੍ਰੀ ।

[1]ਨਲਨੀ ਦਲ ਪਾਤ ਸੋ ਬਾਤ ਕੀਏ ਉਤਪਾਤ ਬਢੇ ਪ੍ਰਭ ਜੀ ਮਨ ਕੇ ॥
ਸੁਨ ਆਜ ਬਢੀ ਉਪਜੀ ਨ ਬੁਝੈ ਤ੍ਰਿਣ ਦਾਰਦੇ ਡੂਗ ਸਮੀਰਨ ਕੇ ॥੯॥

ਕਵਿਉ ਵਾਚ

ਸਵੈਯਾ—ਸ੍ਰੀ ਰਘੁਬੀਰ ਅਧੀਰ ਤੀਆ ਬਿਨ ਨੀਰ ਭਰੇ ਅੰਜੁਰੀ ਅਸ ਰੋਵੈ ॥
ਬੀਰ ਦਈ ਬਹੁ ਭਾਂਤਨ ਧੀਰ ਨ ਪੀਰ ਘਟੈ ਪੁਹਮੀ ਤਨ ਜੋਵੈ ॥
ਕੈ ਪਹਿਲੇ ਡਰ ਜਾਨ ਬਿਓਗ ਸੁ ਦ੍ਵੈ ਕੁਚ ਬੀਚ ਨ ਹਾਰ ਸਮੋਵੈ ॥
ਕਜੋਂ ਅਬ ਪਾਰ ਸੀਆ ਬਿਨ ਸੀਪਤ ਵਾਰ ਸੀਆ ਪਤ ਸੀ ਬਿਨ ਸੋਵੈ ॥੧੦॥

ਸਵੈਯਾ—ਅਬਿਬੇਕ ਸੁ ਰਾਮ ਕੀਓ ਨ ਬਿਬੇਕ ਬਿਦਾ ਰਘੁਨਾਥਹਿ ਤਾਤ ਦੀਆ ॥
ਤਜਿ ਸੰਪਤਿ ਦੰਪਤਿ ਏਕ ਹੀ ਬਾਰ ਅਵਾਸ ਤਜੇ ਬਨਬਾਸ ਲੀਆ ॥
ਜਿਨ ਕੇ ਨਿਸਬਾਸਰ ਕੇ ਮਿਲਬੇ ਹਿਤ ਰਾਖਯੋ ਹੁਤੋ ਬਿਨ ਹਾਰ ਹੀਆ ॥
ਇਹਭਾਂਤ ਬਿਓਗ ਦੀਓ ਬਿਧਿ ਆਪ ਸੁਵਾਰ ਸੀਆ ਪਤਿ ਪਾਰ ਸੀਆ ॥੧੧॥

ਸਵੈਯਾ—ਬਯਾਕੁਲ ਡੋਲਤ ਹੈਂ ਬਨ ਬੀਥਨ ਬੂਝਤ ਲੋਗਨ ਰਾਮ ਸੰਦੇਸੋ ॥
ਚੰਪਕ ਚੰਦਨ ਤਾਲ ਤਮਾਲਨਿ ਬਯਾਲਨ ਸੌਂ ਗਿਰ ਬੂਝਤ ਜੈਸੋ ॥
ਕੁੰਜਰ ਕੰਜ ਕੁਦੰਬ ਕੁਰੰਗਨਿ ਭ੍ਰਿੰਗਨਿ ਕੋਕਲ ਕੁੰਡ ਭਰੈਸੋ ॥
ਜਾਨਕੀ ਹਾਥ ਨ ਲਾਗਤਿ ਰਾਮ ਕੋ ਹਾਥ ਸੋਂ ਹਾਥ ਮਰੋਰਤ ਕੈਸੋ ॥੧੨॥

ਕਬਿੱਤ—ਦੇਖ ਮ੍ਰਿਗ ਕਹੈ ਮ੍ਰਿਗ ਨੈਨੀ ਸੀਅ ਕਹਾਂ ਚੰਦ ਮੁਖੀ ਚੰਦ ਦੇਖ ਕਹੋਂ ਮਾਨੈ ਮਤਿ [2]ਬਾਉਰੀ ॥ ਗਾਢੇ ਬਨ ਗੌਨ ਕਰ ਧੂਪ ਛਾਹਿ ਪੌਨ ਪੂਛ ਧਾਇ ਧਾਇ ਪੂਛੇਂ ਗਿਰ ਕੂਪ [3]ਸਰ ਬਾਉਰੀ ॥ ਸਦਾ ਸੀਲਵੰਤ ਹੈਂ ਅਨੰਤ ਭਗਵੰਤ ਮਾਨੋ ਕੀਨੋ ਹੈ ਕੁਰੰਗ ਦੂਖ ਕੇਹਰ ਕੀ ਬਾਉਰੀ ॥ ਕੈਤੋ ਵਹਿ ਰਾਜ ਕੇ ਸਮਾਜ ਰਘੁਰਾਜ ਤਬ ਐਸੀ ਬਾਉ ਹੁਤੀ ਅਬ ਐਸੀ ਬਹੀ[4] ਬ੍ਹਾਉਰੀ ॥੧੩॥

ਰਾਮਚੰਦ੍ਰਉ ਵਾਚ

ਕਬਿੱਤ—ਏਹੋ ਲਛਮਨ ਤੋਹਿ ਬੂਝਤ ਹੂੰ ਬਾਰ ਬਾਰ ਦੇਖ ਸੀਅ ਗਈ ਕੈਸੀ ਬਾਤ

੧. ਕੰਮੀ ੨. ਬਦਲੀ ੩. ਢਾਹੀ ੪. ਪਵਨ ।

ਭਈ [1]ਜਾਨ ਕੀ ॥ [2]ਆਹੁਟ ਨ ਪਾਯੋ ਪਗ ਖੋਜ ਨ ਚਲਾਯੋ ਹਮ ਭਾਰੀ
ਭੂਲ ਗਏ ਅਬ ਕੋ ਮਿਲਾਵੈ ਜਾਨਕੀ ॥ ਕੌਨੈ ਹਰ ਲੀਨੀ ਮਾਰ ਡਾਰੀ
ਕਹਾ ਕੀਨੀ ਕਾਹੂ ਬਾਤ ਐਸੀ ਕੀਨੀ ਹੈ ਅਜਾਨਕੀ ਕਿ [3]ਜਾਨਕੀ ॥
ਕਾਸੋਂ ਦੁਖ ਕਹੋਂ ਗਹੋਂ ਕੌਨ ਕੀ ਸ਼ਰਨ ਆਜ ਭਲੋ ਹੈ ਮਰਨ[4] ਬਾਤ ਜੀਅ
ਤੇ ਨ ਜਾਨ ਕੀ ॥੧੪॥

ਕਵੀਉ ਵਾਚ

ਕਬਿੱਤ—ਬਿਰਹੀ ਬਿਹਾਲ ਮਨ ਜਨਕ ਸੁਤਾ ਕੇ ਦੁਖ ਤਨ ਕੋ ਨ ਨੀਂਦ ਪਰੈ ਜਾਗੈ
ਆਠੋ ਜਾਮ ਕੇ ॥ ਭੋਜਨ ਬਿਸਾਰ ਜੀਅ ਜਪਜੋ ਕਰੈ ਨਾਮ ਸੀਅ ਡਾਰਿ
ਰਹੇ ਦੇਹ ਮਾਨੋ ਦੁਖੀ ਬਡੇ ਘਾਮ ਕੇ ॥ ਜਾਹਿ ਨਿਜਕਾਤ ਸੋਊ ਰੂਖ ਪਾਤ
ਜਾਤ ਜਰਿ ਬਾਤ ਕਹੈ ਕੌਨ ਐਸੇ ਹਾਥ ਲਾਗੇ ਕਾਮ ਕੇ ॥ ਦੇਖਤ ਬਟਾਊ
ਆਪ ਰੋਵਤ ਰੁਵਾਊ ਤਹਾਂ ਜਰੈ [5]ਘਾਮਝਾਊ ਜਹਾਂ ਪਰੈਂ ਪਾਇ ਰਾਮ
ਕੇ ॥੧੫॥

ਸਵੈਯਾ—ਜਾਨਕੀ ਕੋ ਹਰਿ ਕਾਨਨਿ ਟੇਰ ਗਏ ਸਰ ਤੀਰ ਤ੍ਰਿਖਾ ਜਲ ਕੀ ॥
ਕਹਿ ਕੰਜਨ ਨੈਕ ਭਏ ਦ੍ਰਿਗ ਸੀਤਲ ਸੰਪਤਿ ਦੇਖ ਰਤੋ[6] ਪਲ ਕੀ ॥
ਅਲਿ ਕੇਸ ਗਏ ਅਬ ਏ ਦਿਨ ਨਾਥ ਨਈ ਛਬਿ ਤੌ ਨਲਨੀ ਦਲ ਕੀ ॥
ਮਾਨੋਸਾਈ ਬਿਓਗ ਪਰੇ ਮੁਰਝਾਇ ਡਲੀ ਮੁਖ ਮੇਲ ਹਲਾਹਲ ਕੀ ॥੧੬॥

ਸਵੈਯਾ—ਦੀਪ ਬਿਹੀਨ ਪਰੋ ਦੁਖ ਸੇਜ ਕਹੂ ਕਨਸੀਤ ਘਟਾ ਘਨ ਕਾਰੋ ॥
ਦੇਹ ਛੁਟੈ ਨਹ ਨੀਂਦ ਜੁਟੈ ਨ ਫੁਟੈ ਨਿਸਈ ਅਸਿ ਗਾਢੋ ਅੰਧਕਾਰੋ ॥
ਨਾਰਿ ਬਿਓਗ ਤਹਾਂ ਤਮ ਰੂਪ ਸੁ ਐਸੇ ਮੈ ਡਾਰਤ ਕਾਮ ਤਵਾਰੋ ॥
ਮੂੰਦਿਈ ਲੋਚਨ ਜਾਨਕੀ ਕੋ ਮੁਖ ਦੀਸਤ ਹੋਹਿ ਮਯੰਕ ਉਜਾਰੋ ॥੧੭॥

ਸਵੈਯਾ—ਰੋਵਤ ਨੈਨਨ ਨੀਰ ਗਯੋ ਘਟ ਔਰ ਸਮੀਰ ਉਸਾਸਨ ਲੇਤੇ ॥
ਮਾਸਕੁ ਮਾਸ ਨ ਮਾਸਕ ਤੇ ਸਬ ਤੇਜ ਗਯੋ ਸੀਅ ਕੇ ਬਿਛੁਰੇ ਤੇ ॥
ਜਾਨਕੀ ਨਾਮ ਪੁਕਾਰਤ ਆਰਤ ਬੋਲ ਥਕੇ ਸੁਨੀਏ ਨ ਕਹੇ ਤੇ ॥

੧. ਹਾਨ ੨. ਆਵਾਜ਼ ੩. ਨਾਨਕ ੪. ਪ੍ਰਾਨੋਂਨੈ ਅਥਵਾ ਨਹੀਂ ਜਾਂ ਨੈਹੈ ੫. ਪਿਲਣੀ ੬. ਲਾਲ ਕਮਲ।

ਸੋ ਰਘੁਬੀਰ ਹੀਓ ਸੁਨ ਬੀਰ ਬਡੋ ਭ੍ਰਮ ਕੈ ਭਯੋ ਬੱਜ੍ਰ ਹੀਏ ਤੇ ॥੧੮॥

ਰਾਮ ਚੰਦਰੋ ਵਾਚ

ਸਵੈਯਾ—ਕੰਚਨ ਕੋ ਮ੍ਰਿਗ ਬੇਦ ਪੁਰਾਨਿ ਲਿਖਯੋ ਨ ਕਹੂੰ ਨ ਬਿਰੰਚ ਸਵਾਰਯੋ ॥
ਤਾਹੀ ਕੇ ਹੇਤ ਚਲਯੋ ਤਜਿ ਨਾਰਿ ਸੁ ਮੈਂ ਮਤਿ ਹੀਨ ਕਛੁ ਨ ਬਿਚਾਰਯੋ ॥
ਯਾਹੀ ਤੇ ਕੇਕਈ ਮਾਇ ਕਰੀ ਸਬ ਨੀਤ ਸੁ ਹੌਂ ਘਰ ਤੇ ਬਨ ਟਾਰਯੋ ॥
ਰਾਜ ਕੀ ਲਾਇਕ ਹੈ ਨ ਮਹਾਂ ਜੜ ਯੌਂ ਕਹਿਕੈ ਰਘੁਨਾਥ ਪੁਕਾਰਯੋ ॥੧੯॥

ਦੋਹਰਾ ॥ ਮੋਹਨ ਤਾਪਨ ਬਸਿਕਰਨ ਉਦਮਾਦਨ ਉੱਚਾਟ ॥
ਪਾਂਚ ਬਾਨ ਮਨ ਮਥਨ ਕੇ ਬਿਰਹਨਿ ਤਨ ਗਏ ਕਾਟ ॥੨੦॥

ਸਵੈਯਾ—ਕਾਮ ਚਲਾਇ ਦਏ ਸਰ ਪਾਂਚ ਸੁ ਪੰਖਨ ਲੌ ਤਨ ਮਾਂਹਿ ਗਡੇਰੇ ॥
ਤਾ ਸੀਅ ਕੇ [1]ਬਿਰਹਾਗਨਿ ਮੈਂ ਜਰੇ ਮੋ ਮਨ ਸੌਂ ਸਬ ਆਯੁਧ ਤੇਰੇ ॥
ਹੈ ਬਿਪਰੀਤ ਭਈ ਬਿਨ ਬਾਨਨ ਰੇ ਬਿਰਹਾ ਅਬ ਜਾਹੁ ਨ ਘੇਰੇ ॥
ਔਰ ਸੁਖੀ ਜਗ ਹੋਇ ਬਡੋ ਜਸ ਮੂਢ ਮਨੋਜ ਦੁਖੀ ਇਕ ਮੇਰੇ ॥੨੧॥

ਕਬਿੱਤ—ਜਾਨਕੀ ਬ੍ਰਿਹੋਂ ਕੀ ਆਗ ਚਹੂੰ ਓਰ ਉਠੀ ਜਾਗ ਕਹਾਂ ਜਾਊਂ ਭਾਗ ਜੀਅ
ਬਡੀ ਦੁਚਿਤਾਈ ਹੈ ॥ ਤਾ ਪਰ ਤੁਰਤਿ ਔਰ ਫੂਕ ਨਿਰਵਾਰੈ ਕੌਨ ਪਾਊਂ
ਨ ਸੰਦੇਸ ਜਲ ਯਹੈ ਕਠਿਨਾਈ ਹੈ ॥ ਦੇਹ ਜਰੀ ਜਾਤ ਅਬ ਜੀਵਤ
ਹੌਂ ਕੌਊ ਘਰੀ ਏਤੇ ਪਰ ਬਾਨ ਸੋ ਕਮਾਨ ਤੈਂ ਚਢਾਈ ਹੈ ॥ ਕਹਯੋ
ਰਘੁਰਾਈ ਦੁਖਦਾਈ ਰਤਿਰਾਈ ਕੂਰ ਮਾਰੇ ਪਰ ਮਾਰਬੋ ਨ ਸੂਰ ਕ
ਬਡਾਈ ਹੈ ॥੨੨॥

ਸਵੈਯਾ—ਜਾਂ ਦਿਨ ਸਿੰਧੁ ਮਥਯੋ ਨਿਕਸਯੋ ਮਠਿ ਤਾਂ ਦਿਨ ਤੇ ਕੁਘਰੀ ਕਹਿ ਕੋਹੀ
ਰਾਹਿ ਗਿਲਿਓ ਉਗਲਯੋ ਫਿਰ ਬਾਦ ਕਲੰਕ ਸੰਭਾਰ ਜਰਾਵਤ ਮੋਹ
ਆਜੁ ਕੁਵੰਡ ਚਢਾਇ ਕਰੋਂ ਸਤਿ ਖੰਡ ਸਸੀ ਛਿਨ ਮੈ ਅਬ ਤੋ
ਹੈ ਨ ਕਛੂ ਬਸ ਰਾਮ ਕਹਯੋ ਜੌਤੂੰ ਜਾਨਕੀ ਕੀ ਮੁਖ ਛਾਹਿ ਨ ਹੋਹੀ ॥

ਸਵੈਯਾ—"ਦਾਹ ਕਰੈਂ ਨਭ ਮੋਂ ਪੂਜਰੈ ਨ ਟਰੈਂ ਜਮ ਸੋ ਚਕਈ ਮੁਖ

---

੧. ਵਿਯੋਗ ਅਗਨੀ

ਔਰ ਚਕੋਰ ਅੰਗਾਰ ਚੁਗੈ ਜੀਅ ਸੀਤਲ ਜਾਨਿ ਸੁ ਕੌਨ ਸੇ ਲੇਖੈ ॥
ਮਾਨਹੁ ਭੌਰ ਪੀਓ ਬਿਖ ਕੰਜਨ ਬੂਡਤ ਹੈ ਜਲ ਮਾਂਹਿ ਪਰੇਖੈ ॥
ਨਾਉ ਸੁਧਾਕਰਿ ਲੋਗ ਕਹੈਂ ਕਵਿਰਾਮ ਕਹੈ ਤੁਮ ਕੌਨ ਕੋ ਪੇਖੈ ॥੨੪॥"

ਸਵੈਯਾ—ਚੰਦਨ ਸੋ ਲਪਟਾਇ ਰਹੀ ਅਹਿ ਮਾਲਕੀ ਜ੍ਵਾਲ ਨਿਸੰਕ ਦਹਜੋ ਹੈ ॥
ਪੌਨ ਪ੍ਰਚੰਡ ਫਨੀ ਉਰ ਤੇ ਜਬ ਹ੍ਵੈ ਨਿਕਸਜੋ ਤਬ ਗੈਲ ਗਹਜੋ ਹੈ ॥
ਚਾਟਿ ਸੁਧਾ ਭ੍ਰਮਤਾ ਤ੍ਰਿਨ ਦੈ ਬਿਖ ਬਾਰ ਭੁਜੰਗਨਿ ਦੇਸ ਰਹਜੋ ਹੈ ॥
ਬੀਰ ਪਟੀਰ ਸਮੀਰ ਉਸੀਰਹਿ ਨੀਰਹਿ ਸੀਤਲ ਕੌਨ ਕਹਜੋ ਹੈ ॥੨੫॥

ਸਵੈਯਾ—ਸਿੰਧ ਮਥਜੋ ਜੜ ਤੂੰ ਨਿਕਸਜੋ ਬੜਵਾਨਲ ਦਾਹ ਕੋ ਦਾਨ ਪਠਾਯੋ ॥
ਕੈ ਸ਼ਿਵ ਕੰਠ ਹਲਾਹਲ ਹੈ ਤਿਨ ਖੈਂਚਿ ਸੁਧਾ ਸਮ ਆਪ ਬਨਾਯੋ ॥
ਸ੍ਰੀ ਰਘੁਬੀਰ ਕਹਜੋ ਸੁਨਿ ਬੀਰ ਤੂੰ ਬੂਝਿ ਸਸੀ ਕਿਯੋਂ ਰਾਹੁ ਡਰਾਯੋ ॥
ਨਾਉਂ ਸੁਧਾ ਕਰ ਹੈ ਬਿਖ ਕੋ ਘਰ ਨਜਾਇ ਬਿਰੰਚ ਕਲੰਕ ਲਗਾਯੋ ॥੨੬॥

ਸਵੈਯਾ—ਏ ਬਿਲਲਾਤ ਫਿਰੈਂ ਇਹ ਭਾਂਤਿ ਸੁਹਾਤ ਨਹੀਂ ਕਛੂ ਖਾਨ ਨ ਪਾਨੀ ॥
ਰਾਵਨ ਕੈ ਸੰਗ ਜਾਤ ਉਤੇ ਅਤਿ ਜਾਨਕੀ ਰਾਮ ਕਹੈ ਬਿਲਖਾਨੀ ॥
ਸੋ ਵਹੁ ਨਾਮ ਸੁਨਜੋ ਖਗਰਾਜ ਜਟਾਊ ਉਠਜੋ ਜੀਅ ਮੈ ਯਹ ਆਨੀ ॥
ਮਾਰ ਫਿਰੌਂ ਕਿ ਕਰੌਂ ਪ੍ਰਭੁ ਕਾਰਜ ਕੈ ਜਸ ਲੈ ਦੇਉਂ ਦੇਹ ਪੁਰਾਨੀ ॥੨੭॥

ਸਵੈਯਾ—ਦੂਰ ਹੀ ਤੇ ਦਸਕੰਧ ਕਹਜੋ ਯਹ ਕੌਨ ਬਡੋ ਹਠ ਠਾਨਤ ਹੈ ॥
ਹਰਿ [1]ਬਾਹਨ ਹੈ ਸ਼ਿਵ ਕੋ ਸੁਤ ਹੈ ਸੁ ਨ ਹੋਇ ਸੁ ਮੋਹਿ ਪਛਾਨਤ ਹੈ ॥
[2]ਗਿਰਜਾ ਜਨ ਹੈ ਕਨਕਾਚਲ ਹੈ ਬਿਧਿ ਲੌ ਬਲ ਕੋ ਜਗ ਜਾਨਤ ਹੈ ॥
ਅਬ ਮੋਹਿ ਕਛੂ ਸਮਝੋ ਨ ਪਰੈ ਭਾਈ ਕਾਹੇ ਕੋ ਕਾਲ ਪਲਾਨਤ ਹੈ ॥੨੮॥

ਸਵੈਯਾ—ਤੌਂਹੀ ਲੌ ਆਇ ਸੁਨਾਇ ਕਹਜੋ ਧ੍ਰਿਗ ਤੋ ਤਨ ਕੋ ਮਨ ਕੋ ਪਗੀਆ ਕੋ ॥
ਤਾ ਪਰ ਮੋਹਿ ਜਰਾਵਤ ਹੈ ਅਹਿ ਆਂਖ ਦਿਖਾਇ ਜਰਾਇ ਦੀਆ ਕੋ ॥
ਹੌਂ ਗਰੁੜਾਸਨ ਰਾਮ ਕੋ ਸੇਵਕ ਰੇ ਛਲ ਕੈ ਕੌਊ ਲੇਤ ਤੀਆ ਕੋ ॥
ਕੈ ਤਜ ਦੇਹੁ ਕਿ ਰਾਖ ਸਨੇਹੁ ਕਿ ਤੂੰ ਰਨ ਮਾਂਡ ਕਿ ਛਾਡ ਸੀਆ ਕੋ ॥੨੯॥

੧. ਗਰੁੜ ੨. ਹਿਮਾਲਾ।

ਸਵੈਯਾ—ਜੌਂ ਲਗ ਰਾਵਨ ਬਾਤ ਕਹੈ ਫਿਰ ਤੌਂ ਲਗ ਕ੍ਰੋਧ ਹੀਏ ਨ ਸਮਾਨੋ ॥
ਤੋਰਿ ਧੁਜਾ ਰਥ ਕੀ ਪਥ ਮੈ ਮੁਖ ਚੌਂਚ ਸੋਂ [1]ਚੋਥ ਭੁਜਾ ਲਪਟਾਨੋ ॥
ਜਾਨਤ ਹੌਂ ਦਸ ਸੀਸ ਕਹੀ ਯਹ ਚਾਹਤ ਮੀਚ ਜਟਾਯੁ ਪੁਰਾਨੋ ॥
ਹੈ ਨ ਭਲੀ ਅਤਿ ਜਾਹਿ ਰਹੀ ਪਤ ਸਿੰਘ ਅਜਾ ਕਹਿ ਖਾਤ ਲਜਾਨੋ ॥੩੦॥
ਸਵੈਯਾ—ਚੌਂਚ ਚਪੇਟਨਿ ਰਾਵਨ ਕੇ ਅੰਗ ਪਾਇਨ ਕੇ ਨਖ ਘਾਇਨ ਭਾਂਡੇ ॥
ਔਰ ਕਹੀ ਮੁਖ ਕੀ ਬਹੁਤੇ ਸੁਨਿ ਆਂਜਲ ਦੇ ਸੁਖ [2]ਸੰਪਤਿ ਟਾਂਡੇ ॥
ਹਾਰ ਪਰੇ ਰਹਿ ਡਾਰ ਦੀਓ ਸੁਤੋ ਆਪ ਗਿਰਯੋ ਰਿਪੁ ਕੇ ਲਗ ਖਾਂਡੇ ॥
ਘਾਉ ਲਗੋ ਰਘੁਰਾਇ ਕੇ ਕਾਜ ਜਟਾਊ ਕੀ ਆਉ ਘਟੀ ਰਨ ਮਾਂਡੇ ॥੩੧॥
ਸਵੈਯਾ—ਸੀਅ ਹਰੇ ਦਸਕੰਧ ਚਲਯੋ ਮਗ ਗੀਧ ਮਿਲਯੋ ਸੋਈ ਸਨਮੁਖ ਜੂਟਯੋ ॥
ਲੰਕਪਤੀ ਗਹਿ ਬਾਨ ਬਿਖੰਧਰ ਐਂਚ ਕੁਵੰਡ ਅਰੀ ਪਰ ਟੂਟਯੋ ॥
ਜੁਧ ਮਹਾਂ ਜੁਗ ਜਾਮ ਕਰਯੋ ਤਬ ਹਾਰ ਪਰਯੋ ਕਹਿ ਰਾਮ ਸੁ ਹੂਟਯੋ ॥
ਲੱਛਕ ਘਾਉ ਲਗੇ ਪਰਤੱਛਕ ਪੱਛ ਗਏ ਪਰ ਪੱਛ ਨ ਛੂਟਯੋ ॥੩੨॥
ਸਵੈਯਾ—ਰਾਖ ਲਈ ਨ ਦਸਾਨਨ ਤੇ ਸੀਅ ਮੈਂ ਜੀਅ ਤੇ ਸਬ ਪੌਰਖ ਕੀਨੋ ॥
ਔਰ ਨ ਸੰਗ ਗਯੋ ਘਰ ਲੌ ਫਿਰ ਸੋਧ ਕਹਯੋ ਨ ਬਡੋ ਜਸ ਲੀਨੋ ॥
ਔਰ ਰਹੀ ਸਬ ਰਾਮ ਕੋ ਰੂਪ ਨਿਹਾਰ ਨ ਨੈਨਨ ਕੋ ਸੁਖ ਦੀਨੋ ॥
ਭਾਗ ਬਿਹੀਨ ਜਟਾਊ ਕੀ ਦੇਹ ਛੁਟੀ ਨ ਛੁਟੇ ਮਨ ਕੇ ਦੁਖ ਤੀਨੋ ॥੩੩॥
ਸਵੈਯਾ—ਸ੍ਰੀ ਰਘੁਬੀਰ ਅਧੀਰ ਕੀ ਪੀਰ ਬਿਚਾਰਤ ਹੀ ਬਨ ਸੋਧਤ ਆਏ ॥
ਨੀਰ ਭਰੇ ਦ੍ਰਿਗ ਜਾਨਕੀ ਕੇ ਦੁਖ ਔਰ ਬਿਹੰਗ ਨਿਹਾਰ ਬਿਹਾਏ ॥
ਬੂਝ ਰਹੇ ਨ ਕਹੇ ਮੁਖ ਤੇ ਕਛੁ ਨੈਨ ਕੀ ਸੈਨਨ ਹੀ ਸਮਝਾਏ ॥
ਮੂੰਡ ਧੁਨੇ ਨਭ ਓਰ ਚਿਤੈ ਨਿਜ ਦੇਹ ਕੇ ਘਾਉ ਜਟਾਊ ਦਿਖਾਏ ॥੩੪॥
ਦੋਹਰਾ ॥ ਤਬ ਰਘੁਪਤਿ ਖਗਪਤੀ ਸੋ ਬੋਲੇ ਮਨ ਧਰ ਸੋਕ ॥
ਸ੍ਵਾਮਿ ਧਰਮ ਜਸ ਲੈ ਚਲੈ ਰਣ ਜੂਝੇ ਪਰਲੋਕ ॥੩੫॥
ਸੋਰਠਾ ॥ ਅਬ ਦੀਜੈ ਇਕ ਬਾਤ ਮਾਂਗਤ ਤੁਮ ਪੈ ਜੋਰ ਕਰ ॥

੧. ਚਾਬਨਾ ੨. ਮੂਰਖ

ਸੁਰਪਤਿ ਪੁਰ ਹੈ ਤਾਤ ਤਿਨਹਿ ਹਰਨ ਸੀਅ ਜਿਨ ਕਹੋ ॥੩੬॥

ਸਵੈਯਾ—ਗੀਧ ਚਲੈ ਜਸ ਲੋਕ ਸਵਾਰ ਅਬੈ ਪਰਲੋਕ ਧਰਜੋ ਹੀ ਰਹੈਗੋ ॥
ਹ੍ਵੈ ਰਹੀਓ ਚੁਪਕੈ ਤਬ ਲੌ ਪਿਤ ਬਾਤ ਸੁਨੈ ਦੁਖ ਦੇਹ ਦਹੈਗੋ ॥
ਜੌ ਲਗ ਜੁਝ ਕੁਟੰਬ ਸਮੇਤ ਉਸਾਸਨ ਸੋ ਸਿਵ ਲੋਕ ਗਹੈਗੋ ॥
ਸੀਅ ਕੋ ਲਿਆਵਨ ਜੀ ਬਿਨ ਰਾਵਨ ਤਾਤ ਸੋ ਬਾਤ ਲਜਾਤ ਕਹੈਗੋ ॥੩੭॥

ਸਵੈਯਾ—ਦਾਹ ਜਟਾਊ ਕੋ ਦੈ ਦੋਊ ਬੀਰ ਧਸੇ ਬਨ ਮੋਂ ਮਨ ਸ਼ੋਕ ਭਰੇ ॥
ਸੀਅ ਕੇ ਬਿਛੁਰੇ ਤਨ ਕੇ ਸੁਖ ਜੇ ਸਬ ਸੂਕ ਗਏ ਦੁਖ ਹੋਤ ਹਰੇ ॥
ਜਹ ਰੀਛ ਲੰਗੂਰ ਬਡੇ ਕਪਿ ਹੈਂ ਗਿਰ ਕੰਦਰ ਅੰਦਰ ਜਾਇ ਪਰੇ ॥
ਤਹ ਫੂਲ ਕੇ ਬਾਗ ਮੈ ਭਾਗ ਭਰੇ ਅਨੁਰਾਗ ਰੰਗੇ ਹਨੂਮਾਨ ਖਰੇ ॥੩੮॥

ਕਬਿੱਤ— ਦੇਹ ਧਰੇ ਮਾਨੋ ਰਤਿ ਕੰਤ ਸੰਗ ਲੈ ਬਸੰਤ ਡੋਲਤ ਅਕੇਲੇ ਬਲ ਜੱਯੇ ਐਸੀ ਚਾਲ ਕੇ ॥ ਕਿਧੋਂ ਏਈ ਪੂਰਨ ਅਨੰਤ ਕਵਿਰਾਮ ਕਹਿ ਕਿਧੋਂ ਰਾਜ ਹੰਸ ਛੂਟੇ ਮਾਨਸਰ ਤਾਲ ਕੇ ॥ ਤਾਪਸੀ ਕੋ ਭੇਸ ਕੀਏ ਰਾਮ ਰੂਪਵੰਤ ਕਿ ਮੁਕਤਫਲ ਦੋਊ ਟੂਟੇ ਪੁੰਨ ਤਰ ਡਾਲ ਕੇ ॥ ਦੂਰ ਹੀ ਤੇ ਦੇਖ ਕਹਿਓ ਅੰਜਨੀ ਕੇ ਪੂਤ ਕਿ ਸਪੂਤ ਕਹੂੰ ਰਾਜਾ ਕੇ ਕਿ ਕਾਲ ਬਲੀ ਬਾਲ ਕੇ ॥੩੯॥

ਕਬਿੱਤ— ਲਛਮਨ ਸੰਗ ਬੂਝੇ ਕਮਲ ਕਦੰਬ ਕਹੂੰ ਦੇਖੀ ਸੀਅ ਕਾਨਨ [1]ਤਰਕੁਲੀ ਕਨਕ ਕੀ ॥ ਚੰਦ ਮੁਖੀ [2]ਪਿਕ ਬੈਨੀ ਸੁੰਦਰ ਕੁਰੰਗ ਨੈਨੀ ਕਦਲੀ ਸੁ ਜੰਘ ਕਟ ਕੇਹਰ [3]ਤਨਕ ਕੀ ॥ ਸ੍ਰੀ ਫਲ ਉਰੋਜ ਹੈ ਮਨੋਜ ਤੀਆ ਵਾਰੋਂ ਛਬਿ ਦੇਹ ਅਹਿ ਕੇਸ ਭੌਂਹ ਉਪਮਾ ਧਨਖ ਕੀ ॥ ਕੇਤਕੀ ਚੰਬੇਲੀ ਰਾਇ ਬੇਲ ਹੈ ਇਕੇਲੀ ਕੋਊ ਸੰਗ ਨ ਸਹੇਲੀ ਦੇਖ ਜਾਨਕੀ ਜਨਕ ਕੀ ॥੪੦॥

ਕਬਿੱਤ—ਬਨ ਕੇ ਕੁਰੰਗ ਤੇ ਮਹਾਂ ਕੁਰੰਗ ਕੀਨੋ ਅਬ ਕਹਾਂ ਸੁਖ ਦੈਨੀ ਸੀਆ ਕਹੂੰ ਸੋਧ ਆਇ ਦੈ ॥ ਕਾਰੇ ਪਿਕਬੈਨ ਕਹੂੰ ਪਿਕ ਬੈਨੀ ਹੂੰ ਕੀ ਸੁਧ ਕੰਜ ਮੁਖੀ [4]ਖੰਜਰੀਟ ਨੈਨ ਕੋ ਬਤਾਇ ਦੈ ॥ ਅਹੋ ਰਾਜ ਹੰਸ ਹੰਸ ਗਵਨੀ ਗਵਨ ਕੀਨੋ ਪੌਨ ਅੰਗ ਬਾਸ ਨੈਕ ਇਤਹੂੰ ਪਠਾਇ ਦੈ ॥ ਚੰਪਕ ਬਰਨ ਕਹੂੰ

ਲ ਮੁਲਾਕ ੨. ਕੋਇਲ ੩. ਸੂਛਮ ੪. ਮਮੋਲਾ।

ਦੇਖੀ ਸੁਨੀ ਚੰਪਕ ਕਦੰਬ ਬਨ ਆਜ ਅਬ ਜਾਨਕੀ ਬਤਾਇ ਦੈ ॥੪੧॥

ਦੋਹਰਾ ॥ ਦੇਖਤ ਬਨ ਇਹ ਬਿਧ ਦੁਖੀ ਮਤਿ ਗਤ ਤਜ ਮਨ ਗਜਾਨ ॥
ਬਿਕਲ ਬਚਨ ਸੁਨ ਰਾਮ ਕੇ ਬੋਲੇ ਸ੍ਰੀ ਹਨੂਮਾਨ ॥੪੨॥

ਹਨੂਮਾਨੋ ਵਾਚ

ਸੋਰਠਾ ॥ ਕਿਤਕ ਦਿਵਸ ਇਹ ਭੇਸ ਕੌਨ ਬੰਸ ਪ੍ਰਗਟੇ ਦੋਊ ॥
ਕੈ ਤੁਮ ਬਰਨ ਸੁਰੇਸ ਨਾਰਿ ਬਿਯੋਗੀ ਬਨ ਫਿਰੋ ॥੪੩॥

ਰਾਮਚੰਦ੍ਰਉ ਵਾਚ ਹਨੂਮਾਨ ਸੋਂ

ਸਵੈਯਾ—ਸੂਰਜ ਤੇ ਰਘੁਬੰਸ ਕਹੇ ਜਗ ਤਾਂ ਕੁਲ ਮੇਂ ਪੁਰ ਔਧ ਰਹਾਹੀ ॥
ਰਾਮ ਹੈ ਨਾਮ ਪਿਤਾ ਪਠਏ ਬਨ ਰਾਜ ਧਰਜੋ ਲਘੁਬੀਰ ਕੀ ਬਾਹੀ ॥
ਕਾਨਨ ਮੇਂ ਤੀਆ ਸੰਗ ਹੁਤੀ ਸੁ ਹਰੀ ਕਿਨਹੂੰ ਹਮ ਯੌ ਬਿਲਖਾਂਹੀ ॥
ਬਾਤ ਹੁਤੀ ਸੁ ਕਹੀ ਤੁਮ ਸੋ ਅਰ ਮੋਹਿ ਕਛੂਕ ਰਹੀ ਸੁਧ ਨਾਹੀ ॥੪੪॥

ਲਛਮਨੋ ਵਾਚ ਹਨੂਮਾਨ ਸੋਂ

ਕਬਿੱਤ—ਪਾਛੇ ਲਛਮਨ ਕਹੀ ਬਾਤ ਸਮਝਾਇ ਸਬ ਏਈ ਰਾਮ ਸ਼ਿਵ ਸਨਕਾਦਿ ਮਿਲ ਗਾਏ ਹੈਂ ॥ ਏਈ ਰਘੁਨਾਥ ਤੀਨੋ ਲੋਕਨ ਕੇ ਨਾਥ ਕਪਿ ਛੀਰ ਨਿਧਿ ਜਾਚੇ ਬਿਧਿ ਤਾ ਤੇ ਖਿਤ ਆਏ ਹੈਂ ॥ ਸੂਰਨ ਕੇ ਸੂਰ ਏਊ ਪੂਰਨ ਹੈਂ ਰਾਮਚੰਦ ਮਾਰੇ ਅੰਧਕਾਰ ਅਰਿ ਕੰਦਰਾ ਪਠਾਏ ਹੈਂ ॥ ਤਾਰਕਾਨਿਪਾਤੀ ਖਰ ਦੂਖਨ ਕੇ ਘਾਤੀ ਅਬ ਰਾਵਣ ਕੀ ਛਾਤੀ ਕੋ ਚਰਣ ਚਪਲਾਏ ਹੈਂ ॥੪੫॥

ਸਵੈਯਾ—ਹਮ ਤੋ ਅਪਨੀ ਸਭ ਬਾਤ ਕਹੀ ਤੁਮ ਸੋ ਤੁਮ ਹੂੰ ਹਮ ਸੋ ਨ ਕਹੋ ॥
ਕਪਿ ਕਜੋਂ ਸਕੁਚਾਤ ਡਰਾਤ ਸੋ ਹੋ ਕਿਹ ਕਾਰਨ ਤੇ ਇਹ ਭਾਂਤ ਰਹੋ ॥
ਮੇਰੋ ਨਾਉ ਹਨੂੰ ਕਪਿਰਾਜ ਸੁਗ੍ਰੀਵ ਕੋ ਆਨ ਮਿਲਾਊਂ ਜੋ ਬਾਹ ਗਹੋ ॥
ਨਿਜ ਬੀਰ ਛਿਨਾਇ ਲਈ ਤੀਅ ਰਾਜ ਗਰੀਬ ਨਿਵਾਜ ਹੌਂ ਲਾਜ ਬਹੋ ॥੪੬॥

ਕਵੀਉ ਵਾਚ

ਸਵੈਯਾ—ਦੇਖਤ ਸ੍ਰੀ ਰਘੁਬੀਰ ਕੋ ਰੂਪ ਬਨੀ ਕਛੂ ਪ੍ਰੀਤਿ ਹਨੂ ਜੀਅ ਐਸੀ ॥

ਪੰਕਜ ਭੌਰਨ ਜਸੋਂ ਘਨ ਮੋਰਨ ਹੰਸ ਚਕੋਰਨ ਹੂੰ ਨਹਿ ਵੈਸੀ ॥
ਕਾਮ ਬਸੰਤਹ ਭੂਮਿ ਅਨੰਤਹ ਕੰਤਹਿ ਨਾਰ ਪਤਿਬ੍ਰਤ ਤੈਸੀ ॥
ਪਾਇ ਗਹੇ ਰਘੁਰਾਇ ਕੇ ਧਾਇ ਉਠਾਇ ਕੈ ਅੰਕ ਭਰੇ ਬਿਧਿ ਜੈਸੀ ।੪੭।

ਸਵੈਯਾ—ਆਪ ਮਿਲੇ ਭਲਿ ਭਾਂਤ ਹਨੂੰ ਪੁਨ ਰਾਮਹਿ ਆਨ ਸੁਗ੍ਰੀਵ ਮਿਲਾਏ ॥
ਨਾਰ ਬਿਯੋਗ ਬਡੋ ਦੁਹੂੰ ਓਰ ਕਹੈਂ ਸੁਨਿ ਕੇ ਬਹੁਤੇ ਪਛਤਾਏ ॥
ਬਾਲੀ ਕੀ ਮੀਚ ਕਹੀ ਰਘੁਬੀਰਹਿ ਛੇਦਨ ਕੋ ਤਰ ਸਾਤ ਬਤਾਏ ॥
ਭੂਲ ਗਯੋ ਅਪਨੋ ਦੁਖ ਤਾ ਛਿਨ ਬਾਨਰ ਕੇ ਦੁਖ ਨੈਨ ਬਹਾਏ ॥੪੮॥

ਸਵੈਯਾ—ਸ੍ਰੀ ਰਘੁਬੀਰ ਕਹੀ ਸਬਸੋਂ ਹਮ ਸੀਅ ਕੋ ਸੋਧ ਕਹੂੰ ਨਹਿ ਪਾਯੋ ॥
ਢੂੰਢ ਫਿਰੇ ਗਿਰ ਕਾਨਨ ਬੇਹੜ ਤਾ ਦੁਖ ਭੋਜਨ ਹੂੰ ਬਿਸਰਾਯੋ ॥
ਗੀਧ ਜਟਾਊ ਕਹੀ ਬਿਨ ਬੈਨਨ ਸੈਨਨ ਸੋ ਨਭ ਓਰ ਬਤਾਯੋ ॥
ਯੌਂ ਸੁਨਕੈ ਹਨੂਮਾਨ ਉਠਯੋ ਕਰ ਜੋਰ ਦੋਊ ਸਿਰਨਾਇ ਸੁਨਾਯੋ ॥੪੯॥

ਹਨੂੰਮਾਨੋ ਵਾਚ

ਸਵੈਯਾ—ਏਕ ਨਈ ਨਿਧ ਬਾਰਿ ਕੇਵਾਰ ਬਡੀ ਸੁ ਕੁਮਾਰ ਉਸਾਸ ਦੁਖਾਰੀ ॥
ਸੰਗ ਨਿਸਾਚਰ ਕੇ ਅੰਗ ਯੌਂ ਮੁਖ ਰਾਹ ਮਨੋ ਸਸਿ ਕੀ ਉਜਿਆਰੀ ॥
ਭੂਖਨ ਡਾਰਤ ਰਾਮ ਪੁਕਾਰਤ ਆਰਤ ਮਾਂਗ ਬਿਦਾਰਤ ਭਾਰੀ ॥
ਏ ਬਤੀਆਂ ਸੁਨਿ ਕੈ ਕਪਿ ਕੀ ਰਘੁਨਾਥ ਕਹੀ ਵਹ ਨਾਰਿ ਹਮਾਰੀ ॥੫੦॥

ਸਵੈਯਾ—ਕਾਨਨ ਕੁੰਡਲ ਟੀਕ ਸੁਬੇਸਰ ਕੰਠਸਿਰੀ ਮਨ ਕੰਚਨ ਭੀਨੇ ॥
ਸਜੋ ਦੁਲਰੀ ਸਿਰ ਫੂਲ ਬਰਾ ਕਟਿ ਕਿੰਕਨ ਨੂਪਰ ਝਾਂਝ ਨਵੀਨੇ ॥
ਪਾਇਲ ਡਾਰ ਉਤਾਇਲ ਸੋ ਕਛੂ ਜੇ ਹਨੂਮਾਨ ਸਕਯੋ ਤਬ ਬੀਨੇ ॥
ਭੂਤਲ ਡਾਰ ਚਲੀ ਸੀਅ ਜੇ ਮਹਿ ਭੂਖਨ ਕੋ ਤੇਈ ਭੂਖਨ ਦੀਨੇ ॥੫੧॥

ਕਬਿਓ ਵਾਚ

ਸਵੈਯਾ—ਦੇਖ ਬਿਖਾਦ ਕੀਓ ਰਘੁਬੀਰ ਲਗਾਇ ਲੀਏ ਛਤੀਆ ਪਛਤਾਹੀਂ ॥
ਬਾਰ ਭਰੇ ਦ੍ਰਿਗ ਯੌਂ ਛਬਿਹੈ ਮਨੋ ਮੀਨ ਸਰੋਵਰ ਮੈ ਝਲਕਾਹੀਂ ॥
ਜਾਨਕੀ ਅੰਗਨ ਤੇ ਬਿਸਰੇ ਮਾਨੋ ਮੂਕ ਭਏ ਕਹਿ ਯੌਂ ਬਿਲਖਾਹੀਂ ॥

ਬੀਰ ਬਿਚਾਰ ਕਹੋ ਤੁਮਹੂੰ ਸੀਅ ਕੇ ਏਈ ਭੂਖਨ ਹੋਹਿ ਕਿ ਨਾਹੀਂ ॥੫੨॥

ਲਛਮਨੋ ਵਾਚ ਰਾਮਚੰਦ੍ਰ ਸੋਂ

ਕਬਿੱਤ— ਜਾਨਕੀ ਕੋ ਮੁਖ ਨ ਬਿਲੋਕਯੋ ਤਾਂਤੇ ਕੁੰਡਲ ਨ ਜਾਨਤ ਹੌਂ ਬੀਰ ਛੁਹੋਂ ਪਾਇ ਰਘੁਰਾਇ ਕੇ ॥ ਹਾਥ ਜੋ ਨਿਹਾਰੇ ਨੈਨਾ ਫੂਟਿਯੋ ਹਮਾਰੇ ਤਾਤੇ ਕੰਕਨ ਨ ਦੇਖੇ ਬੋਲ ਕਹੋਂ ਸਤ [1]ਭਾਇ ਕੇ ॥ ਪਾਇਨ ਕੈ ਪਰਬੇ ਕੋ ਜਾਤੋ ਦਾਸ ਲਛਮਨ ਯਾਤੇ ਪਹਿਚਾਨਤ ਹੌਂ ਭੂਖਨ ਜੋ ਪਾਇ ਕੇ ॥ ਬਿਛੂਆ ਹੈ ਏਈ ਔਰ ਝਾਂਜਰ ਹੈ ਵੇਈ ਜੁਗ ਨੂਪਰ ਹੈ ਤੇਈ ਰਾਮ ਜਾਨਤ [2]ਜਰਾਇ ਕੇ ॥੫੩॥

ਕਵਿਉ ਵਾਚ

ਦੋਹਰਾ ॥ ਨਾਰ ਬਿਰਹ ਦੋਊ ਦੁਖੀ ਇਤ ਕਪਿ ਉਤ ਰਘੁਬੀਰ ॥
ਬਿਨ ਉਪਾਇ ਦੁਖ ਕਿਉਂ ਟਰੇ ਅਰਿ ਮਾਰਨ ਰਨਧੀਰ ॥੫੪॥

ਸੋਰਠਾ—ਭੂਤਲ ਬਾਲਿ ਪਛਾਰ ਸਪਤ ਤਾਲ ਭੇਦਨ ਕਹਯੋ ॥
ਕਪਿ ਪਤਿ ਮਿਲਹੈ ਨਾਰ ਹਨੂਮਾਨ ਸਾਚੀ ਕਹੈ ॥੫੫॥

ਹਨੂਮਾਨਉ ਵਾਚ

ਕਬਿੱਤ— ਦੀਨੇ ਦੁਖ ਭਾਰੇ ਇਹ ਬਾਲਿ ਮਾਰ ਡਾਰੇ ਸਬ ਅਤ ਹੀ ਸੰਘਾਰੇ ਹਾਥ ਲਾਗੇ ਰਿਖ ਸ੍ਰਾਪ ਕੇ ॥ ਰਾਜ ਛੀਨ ਲੀਨੋ ਬਿਨ ਨਾਰਿ ਕਪਿਰਾਜ ਕੀਨੋ ਚਾਮ ਕੇ ਚਲਾਏ ਦਾਮ ਬਿਨਾ ਤੋਲ ਮਾਪ ਕੇ ॥ ਸੋਈ ਕਾਮ ਕੀਜੈ ਤਾਹਿ ਮਾਰ ਸੁਖ ਦੀਜੈ ਜਸ ਲੀਜੈ ਬਲ ਜੱਯੈ ਅਬ ਚਰਨ ਪ੍ਰਤਾਪ ਕੇ ॥ ਆਵਤ ਭਰੋਸੋ ਪ੍ਰਭੁ ਕਹਾ ਪਯੋ ਤੋਸੋ ਹਨੂਮਾਨ ਕਹੈ ਜਾਨਤ ਹੂੰ ਬੀਤੇ ਦਿਨ ਪਾਪ ਕੇ ॥੫੬॥

ਕਬਿੱਤ— ਪਾਛੇ ਸੀਆ ਸੋਧ ਕੋ ਪਠੱਯੋ ਹਨੁਵੰਤ ਨਲ ਨੀਲ ਜਾਮਵੰਤ ਬੋਲ ਕੀਨੋ ਨ ਛਦਮ ਕੋ ॥ ਯਹਿ ਜੁ ਸੁਗ੍ਰੀਵ ਢਿਗ ਪਾਇਨ ਕੇ ਠਾਢੋ ਰਾਮ ਰਾਜਾ ਹੁਤੋ ਬਾਨਰ ਅਠਾਰਹ ਪਦਮ ਕੋ ॥ ਏਕ ਬਿਨ ਬਾਲੀ ਯਾਹਿ ਜੀਤੇ ਨ

੧. ਯਥਾਰਥ ੨. ਜੜਾਊ ।

[1]ਕਪਾਲੀ ਜਹਿ ਅੰਸੁ [2]ਅੰਸਮਾਲੀ ਕੋ ਦਲੱਯਾ ਇੰਦ੍ਰ ਜਮ ਕੋ ॥ ਸੋਈ
ਮਾਰ ਲੀਜੈ ਯਾਕੋ ਰਾਜ ਯਾਂਹਿ ਦੀਜੈ ਆਜ ਰਾਵਰੇ ਭਰੋਸੇ ਤਾਸੋਂ ਕਹੈ
ਏਕ ਘਮ ਕੋ ॥੫੭॥

ਕਵਿਉ ਵਾਚ

ਕਬਿੱਤ—ਹ੍ਵੈ ਗਏ ਕ੍ਰਿਪਾਲ ਸੁਨੇ ਬਚਨ ਰਸਾਲ ਚਲੇ ਸਾਤ ਤਾਲ ਭੇਦਨ ਸੁਗ੍ਰੀਵਹ
ਲਵਾਇ ਕੈ ॥ ਕਪਿ ਹੂੰ ਬਿਚਾਰੀ ਕਪਿ ਮਾਰ ਲਜਾਵ ਨਾਰੀ ਕਿਧੋ ਜੁਝ
ਮਰੋਂ ਰਾਮ ਆਗੇ ਘਨੇ ਘਾਇ ਖਾਇ ਕੈ ॥ ਕਹੈ ਰਘੁਬੀਰ ਤੁਮ ਦੋਊ
ਕਪਿ ਏਕ ਰੂਪ ਕੈਸੇ ਪਹਿਚਾਨੋ ਤਾਕੋ ਕੈਸੇ ਮਾਰੋਂ ਧਾਇ ਕੈ ॥ ਟੀਕੋ ਕੀਨੋ
ਭਾਲ ਗਰੇ ਲਾਲ ਫੂਲਮਾਲ ਕਹ੍ਯੋ ਜੀਤਿ ਅਰਿ ਪੌਢ ਪਾਛੇ ਪਲਕਾ
ਬਿਛਾਇ ਕੈ ॥੫੮॥

ਕਬਿੱਤ—ਕਹੀ ਲਛਮਨ ਬਾਤ ਸਾਤਨ ਕੀ ਸੁਨ ਬੀਰ ਧੋਖੋ ਕਛੂ ਨਾਹੀ ਰਘੁਬੀਰ
ਜੀ ਕੇ ਬਲ ਮੈਂ ॥ ਏਕ ਹੀ ਜੁਬਾਨ ਏਕੈ ਬਾਰ ਸਾਤ ਤਾਲ ਬੇਧੈ ਨੈਕ
ਚੂਕ ਗਏ ਤੇਈ ਮਾਰੈ ਤਾਹਿ ਪਲ ਮੈਂ ॥ ਰਾਮ ਮੁਸਕਾਨੇ ਸਮਾਚਾਰ ਮੈ
ਨ ਜਾਨੇ ਅਬ ਬਚਨ ਬਿਕਾਨੇ ਜਗ ਜੀ ਬੋਈ ਸਹਲ ਮੈਂ ॥ ਤੀਰ ਕਾਢ
ਤਬ ਹੀ ਧਨਖ ਮੁਖ ਦੀਨੋ ਤਹ ਜਾਇ ਨਿਜਕਾਨੇ ਚਾਲ ਪਰੀ ਬਾਲ ਦਲ
ਮੈਂ ॥੫੯॥

ਸਵੈਯਾ—ਜੌ ਰਿਖ ਰਾਜ ਕੇ ਪਾਇਨ ਸੋ ਮਨ ਪੰਕਜ ਭੌਰ ਕੀ ਰੀਤਿ ਬਸਾਯੋ ॥
ਸੀਅ ਬਿਨਾ ਸੁਪਨੇ ਪਰ ਨਾਰਹਿ ਜੋ ਅਪਨੋ ਮੁਖ ਹੌਂ ਨ ਦਿਖਾਯੋ ॥
ਔਰ ਸਹੀ ਭ੍ਰਿਗੁ ਨੰਦਨ ਕੀ ਫਿਰ ਜੌ ਨਹਿ ਰੋਖ ਕੇ ਬੋਲ ਸੁਨਾਯੋ ॥
ਤੌ ਯਹਿ ਬਾਨ ਪਤਾਲ ਧਸੋ ਇਨ ਤਾਲਨ ਭੇਦ ਸੁ ਖੈਂਚ ਚਲਾਯੋ ॥੫੯॥

ਕਬਿੱਤ—ਸਾਤੋ ਸਿੰਧੁ ਸਾਤੋ ਲੋਕ ਸਾਤੋ ਰਿਖ ਹੈਂ ਸਸੋਕ ਸਾਤੋ ਰਵਿ ਘੋਰੇ ਥੋਰੇ ਦੇਖੈ
ਨ ਡਰਾਤ ਮੈਂ ॥ ਸਾਤੋ ਦੀਪ ਸਾਤੋ ਈਤ ਕਾਪਜੋਈ ਕਰਤ ਔਰ ਸਤੋ
ਮਤ ਰਾਤ ਦਿਨ ਪ੍ਰਾਨ ਹੈ ਨ ਗਾਤ ਮੈਂ ॥ ਸਾਤੋ ਚਿਰੰਜੀਵ ਬਰਰਾਇ

੧. ਸ਼ਿਵਜੀ ੨. ਸੂਰਜ।

ਉਠੇ ਬਾਰ ਬਾਰ ਸਾਤੋ ਸੁਰ ਹਾਇ ਹਾਇ ਹੋਤ ਦਿਨ ਰਾਤ ਮੈਂ ॥ ਸਾਤ ਹੂੰ ਪਤਾਲ ਕਾਲ ਸਬਦ ਕਰਾਲ ਰਾਮ ਭੇਦੇ ਸਾਤ ਤਾਲ ਚਾਲ ਪਰੀ ਸਾਤ ਸਾਤ ਮੈਂ ॥੬੦॥

ਕਬਿੱਤ—ਫੂਲੇ ਕਪਿ ਰਾਇ ਉਰ ਆਨੰਦ ਨ ਮਾਇ ਰਘੁਰਾਇ ਪਾਇ ਛੁਹੇ ਕਰ ਜੋਰ ਸਿਰ ਨਾਯੋ ਹੈ ॥ ਬੋਲਯੋ ਹਨੂਮਾਨ ਏਈ ਬਾਲੀ ਕੇ ਨਿਦਾਨ ਕਾਲ ਜਾਨਤ ਸੁਗ੍ਰੀਵ ਰਾਜ ਆਜ ਹੀ ਤੇ ਪਾਯੋ ਹੈ ॥ ਚੌਂਕਯੋ ਉਤ ਬਾਲ ਅੰਸੁਮਾਲੀ ਕਿ ਕਪਾਲੀ ਕੋਊ ਲੋਕ ਪਾਲੀ ਭੂਮਿ ਰਣ ਦੇਖਬੇ ਕੋ ਆਯੋ ਹੈ ॥ ਦੂਤ ਕਹੀ ਬਾਤ ਜਟਾ ਮੂੰਡ ਛਾਰ ਗਾਤ ਐਸੇ ਬੀਰ ਜੁਗ ਸੰਗ ਜੋਰ ਬੀਰਹਿ ਜਨਾਯੋ ਹੈ ॥੬੧॥

ਸਵੈਯਾ—ਤਾਲ ਭਿਦੇ ਮਨ ਚਾਲ ਪਰੀ ਅਬ ਜਾਨਤ ਕਾਲ ਕੀ ਬਾਤ ਨ ਜੀ ਕੀ ॥
ਔਰ ਜਿਤੇ ਭਟ ਹੈਂ ਸਬਏ ਸਬ ਕੇ ਮੁਖ ਕੀ ਛਬ ਦੇਖਤ ਫੀਕੀ ॥
ਭੇਟ ਚਲਯੋ ਸੁਤ ਭੌਨ ਭੰਡਾਰਹਿ ਦੇਖਤ ਹੀਂ ਭੁਜ ਸੀਅ ਪਤੀ ਕੀ ॥
ਬਾਲੀ ਕਹੇ ਅਬ ਕੇ ਰਣ ਮੈਂ ਅਪਨੀ ਕਛੁ ਬਾਤ ਨ ਦੇਖਤ ਨੀਕੀ ॥੬੨॥

ਸਵੈਯਾ—ਆਨ ਗਹਯੋ ਨਿਜ ਬੀਰ ਬਲੀ ਗਿਸ ਜਾਹ ਕਹਾਂ ਅਬ ਤੋਹਿ ਪਛਾਰੋਂ ॥
ਤੂੰ ਇਨਕੇ ਬਲ ਕੂਦਤ ਹੈਂ ਏਈ ਆਇ ਲਰੈਂ ਇਨ ਤੇ ਨਹਿ ਹਾਰੋਂ ॥
ਬੀਰ ਜੁਰੇ ਰਘੁਬੀਰ ਕਹੀ ਅਬ ਮਾਰ ਸੁਗ੍ਰੀਵ ਹੌਂ ਤੋਹਿ ਪਚਾਰੋਂ ॥
ਹੀਨ ਭਯੋ ਬਲ ਬੋਲ ਉਠਿਓ ਅਬ ਹੌਂ ਦੁਹੂ ਭਾਂਤਨ ਰਾਮ ਸੰਭਾਰੋ ॥੬੩॥

ਸੁਗ੍ਰੀਵਤੀਓ ਵਾਚ ਸਖੀ ਸੋਂ

ਸਵੈਯਾ—ਦੂਰ ਹੂੰ ਤੇ ਦੋਊ ਬੀਰਨ ਕੋ ਰਨ ਦੇਖਤ ਬੀਰ ਸੁਗ੍ਰੀਵ ਕੀ ਦਾਰਾ ॥
ਸ੍ਰੀ ਰਘੁਨਾਥ ਕੋ ਸਾਥ ਨਿਹਾਰਕੈ ਵਾਰਤ ਕੰਕਨ ਕੁੰਡਲ ਹਾਰਾ ॥
ਆਜ ਹੀ ਤੇ ਪਤਿ ਸੋਰਭਿ ਦੈ ਇਤ ਤੇ ਉਤ ਫੂਲਤ ਡੋਲਤ ਤਾਰਾ ॥
ਜੌਂ ਸਖੀ ਬਾਲੀ ਕੀ ਜੀਤ ਸੁਨੋ ਨਿਜ ਪ੍ਰਾਨ ਕਰੋਂ ਤਬ ਆਗ ਕੋ ਪਾਰਾ ॥੬੪॥

ਕਬਿੱਤ—ਬੀਰਹ ਨਿਕਾਰ ਦੀਨੋ ਮੋਹਿ ਛੀਨ ਲੀਨੋ ਇਨ ਨੀਤ ਰੀਤ ਛਾਡ ਸਬ ਕਰੀ ਜੋ ਅਨੀਤ ਹੈ ॥ ਮੂੰਡ ਤੇ ਬਿਸਾਰ ਰਾਮ ਤਪੈ ਜੈਸੇ ਜੇਠ ਘਾਮ ਕੀਨੋ

ਅਭਿਮਾਨ ਬੇਦ ਬੂਡੇ ਐਸੀ ਰੀਤ ਹੈ ॥ ਤੌਂ ਰਹੀ ਧਰਮ ਬਾਤ ਬਡੇ
ਉਤਪਾਤ ਆਜ ਪਾਪੀ ਬਾਲੀ ਜੀ ਤੇ ਸਖੀ ਬਡੀ ਵਿਪਰੀਤ ਹੈ ॥ ਦੇਖੋ
ਹਾਇ ਹਾਇ ਰਘੁਰਾਇ ਸੇ ਸਹਾਇ ਪਤਿ ਆਜ ਜੌਂ ਨ ਜੀਤ ਹੈ ਤੌਂ ਕਬਹੂੰ
ਨ ਜੀਤ ਹੈ ॥੬੫॥

ਕਵਿਉ ਵਾਚ

ਸਵੈਯਾ—ਤੌਂ ਲਗ ਸ੍ਰੀ ਰਘੁਬੀਰ ਸੁਗ੍ਰੀਵ ਕੋ ਪੱਛ ਕਰਜੋ ਪ੍ਰਤਿਪਛ ਸੰਘਾਰਜੋ ॥
ਜਜੋਂ ਛਤੀਆਂ ਚਢ ਕੂਦਤ ਹੋ ਸੋਈ ਏਕ ਹੀ ਬਾਨ ਧਰਾ ਪਰ ਡਾਰਜੋ ॥
ਪੌਨ ਚਲੇ ਜਜੋਂ ਪ੍ਰਚੰਡ ਬਡੋ ਕਦਲੀ ਤਰ ਮੂਲ ਸਮੂਲ ਉਖਾਰਜੋ ॥
ਜੀਤ ਉਤਾਇਲ ਸੋ ਇਕ ਬਾਨਰ ਏਕ ਪਰਜੋ ਰਨ ਘਾਇਲ ਹਾਰਜੋ ॥੬੬॥
ਸੋਰਠਾ—ਇਹ ਬਿਧਿ ਜੀਤ ਸੁਗ੍ਰੀਵ ਰਘੁਪਤਿ ਚਰਨ ਪ੍ਰਤਾਪ ਤੇ ॥
ਕਟੀ ਪਰਮ ਦੁਖ ਸੀਵ ਰਾਮ ਰਾਜ ਸਬ ਸੁਖ ਲਹਜੋ ॥੬੭॥
ਸੋਰਠਾ—ਕਪਿ ਪਤਿ ਕਾਮ ਸਵਾਰ ਬਾਲੀ ਅਧ ਸਮਕਤ ਪਰਜੋ ॥
ਤਬ ਤਾਰੀ ਕੀ ਨਾਰਿ ਰਘੁਪਤਿ ਸੋ ਬਿਨਤੀ ਕਰੈ ॥੬੮॥

ਤਾਰਾਉ ਵਾਚ

ਸਵੈਯਾ—ਬਾਲਿ ਬਡੋ ਬਲਵੰਡ ਬਲਾਇ ਲਜੋਂ ਮਾਰ ਕਰੀ ਮੁਕਤਾਹਲ ਲੇਹੀ ॥
ਮਾਂਸ ਕੇ ਕਾਜ ਮਵਾਸ ਮ੍ਰਿਗਾਵਲ ਘੇਰ ਹਨੀ ਮਿਲ ਮਾਰਤ ਜੇਹੀ ॥
ਕੇਹਰ ਕੋ ਹਤ ਤੋਲ ਭੁਜਾ ਬਲ ਰਾਜ ਅਨੀਤ ਬਡੀ ਅਬ ਏਹੀ ॥
ਬਾਨਰ ਬ੍ਰਿਧ ਤਿਹੀ ਗਿਨਤੀ ਬਿਨਤੀ ਕਰੈ ਬਾਲੀ ਕੀ ਬਾਲ ਸਨੇਹੀ ॥੬੯॥
ਸਵੈਯਾ—ਜੋ ਯਹ ਕਾਮ ਹੁਤੋ ਸੁਨ ਰਾਘਵ ਚਾਹਤ ਹੋ ਤੁਮ ਰਾਵਨ ਮਾਰਜੋ ॥
ਆਗੇ ਹੀ ਕਜੋਂ ਨ ਕਹੀ ਸਮਝਾਇ ਤੈਂ ਬਾਲੀ ਸੋ ਬਾਨਰ ਬਾਦ ਸੰਘਾਰਜੋ ॥
ਦੇਖ ਲਯੋ ਨ ਭੁਜਾ ਬਲ ਨਾਹਿ ਕੋ ਨੈਕ ਬਲੀ ਤੁਮ ਹੂ ਨ ਪਚਾਰਜੋ ॥
ਤਾਂਹੀ ਕੇ ਜੀਤਬੇ ਕੋ ਹਨੂ ਬਾਲਕ ਔਰ ਸੁਗ੍ਰੀਵ ਸੋ ਬੀਰੁ ਬਿਚਾਰਜੋ ॥੭੦॥
ਕਬਿੱਤ—ਜਾਨਕੀ ਕੋ ਲਜਾਇ ਪ੍ਰਭੁ ਪਾਇਨ ਮਿਲਾਇ ਲੰਕ ਰਾਇ ਸੋ ਤਿਹਾਰੋ ਹੇਤ
ਨੈਕ ਹੂੰ ਨ ਤੋਰਤੋ ॥ ਆਪਨ ਨ ਜਾਤੋ ਸਿੰਘ ਸਿਆਰ ਸੌ ਨ ਨਾਤੋ ਜੈਸੇ

ਬਾਤ ਸੁਨੇ ਤੁਮੇ ਭੇਟ ਭੇਟ ਦੈ [੧]ਨਿਹੋਰਤੋ ॥ ਔਰ ਜੋ ਤਿਹਾਰੇ ਜੀਆ ਮਾਰਬੇ ਕੀ ਹੁਤੀ ਗਿਸ ਏਕ ਹਾਥ ਦੇਸ ਜਲ [੨]ਨਿਧਿ ਮਾਹਿ ਬੋਰਤੋ ॥ ਬੰਸ ਅੰਸੁਮਾਲੀ ਰਾਮ ਪ੍ਰੀਤਿ ਕਿਉਂ ਨ ਪਾਲੀ ਨਾਹ ਬਾਲੀ ਤਾਕੇ ਮਾਰਬੇ ਕੋ ਸੈਨਾਹੂੰ ਨ ਜੋਰਤੋ ॥੭੧॥

ਕਬਿੱਤ—ਦਾਰਿਦ ਉਡਾਇਬੇ ਕੋ ਪਾਰਸ ਪ੍ਰਗਟ ਜੈਸੇ ਪਾਰਦ ਕੇ ਮਾਰਬੇ ਕੋ ਸਿੰਧ ਬਡ਼ੀ ਬਾਹੁਕੇ ॥ ਜੈਸੇ ਅਹਿ ਰਾਜਨ ਕੋ ਆਜ ਖਗ [੩]ਰਾਜ ਗਜ ਰਾਜ ਕੋ ਕੁਰੰਗ ਰਾਜ ਬੈਰ ਰਵਿ ਛਾਹ ਕੇ ॥ ਸਿੰਧ ਕੋ ਕਸੂਤ ਜੈਸੇ ਘਟ [੪]ਪੂਤ ਤੈਸੋ ਹੁਤੋ ਕੈਸੇ ਸਮਝਾਊਂ ਲੇਤ ਰੋਮ ਰੋਮ ਹਾਹੁਕੇ ॥ ਕਰੋ ਨ ਬਡਾਈ ਰਾਮ ਰਾਵਰੀ ਦੁਹਾਈ ਤੈਸੇ ਰਾਵਨ ਕੇ ਮਾਰਬੇ ਕੋ ਹਾਥ ਹੁਤੇ ਨਾਹਕੇ ॥੭੨॥

ਕਬਿੱਤ—ਨਾਰਿ ਕੋ ਛਿਨਾਇ [੫]ਨਾਰ ਨੈਕ ਨ ਨਿਵਾਈ ਨਾਥ ਇਨਕੀ ਖਿਸੀ ਕੋ ਦੇਸ ਦੇਸ ਰੋਈਅਤ ਹੈ ॥ ਭਾਜ ਭਾਜ ਗਯੋ ਰਣ ਸਾਮੁਹੇ ਨ ਭਯੋ ਮਾਨੋ ਲਾਜ ਬੇਚ ਖਾਈ ਅਰ ਜੀਬੋ ਜੋਈਅਤ ਹੈ ॥ ਤੁਮ ਜਬ ਪਾਏ ਤਬਹੀਂ ਚਢਾਇ ਲਜਾਏ ਰਾਮ ਨਜਾਉ ਨੈਕ ਕੀਜੈ ਬੀਰ ਯੌ ਬਿਗੋਈਅਤ ਹੈ ॥ ਭਲੀ ਨ ਤੁਮੋਂ ਕੀ ਬਾਤ ਏਕ ਕਹੋਂ ਮੈਂ ਕੀ ਬੁਰੀ ਭੈਯਾ ਹੂੰ ਸੋ ਯੋ ਕੀ ਤਾਂਕੀ ਚੌਕੀ ਸੋਈਅਤ ਹੈ ॥੭੩॥

ਸਵੈਯਾ—ਕਾਹੇ ਕੋ ਛਾਡ ਦਯੋ ਤਬ ਰਾਵਨ ਰੇ ਪਤਿ ਕਜੋਂ ਤਬਹੀਂ ਨ ਬਿਚਾਰਜੋ ॥
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ ਭੂਲ ਗਯੋ ਘਰ ਆਇ ਸੰਭਾਰਜੋ ॥
ਅੰਗਦ ਕੇ [੬]ਪਲਨਾ ਝੂਆ ਕਰ ਬਾਂਧ ਕਈ ਦਿਨ ਲਾਤਨ ਮਾਰਜੋ ॥
ਤਾਹੀ ਕੇ ਹੇਤ ਭਲੇ ਰਘੁਬੀਰ ਬਿਨਾ ਅਪਰਾਧਹਿ ਬਾਲ ਸੰਘਾਰਜੋ ॥੭੪॥

ਸਵੈਯਾ—ਜੀਵਤ ਹੋ ਜਗ ਮੇਂ ਜਸ ਸੋ ਬਲ ਸੋਂ ਪਤਿ ਪੌਰਖ ਪੂਰ ਰਹਜੋ ਹੋ ॥
ਹਾਰ ਭਈ ਨ ਕਹੂੰ ਰਣ ਮੇਂ ਭਜ ਕੈ ਨਹਿ ਔਰ ਕੋ ਸੰਗ ਗਹਜੋ ਹੋ ॥
ਨਾਰ ਨ ਬੰਦ ਕਰੀ ਕਬਹੂੰ ਗਿਰ ਕਾਨਨ ਰਾਜ ਸਦਾ ਨਿਬਹਜੋ ਹੋ।
ਜੋ ਬਿਧਿ ਯੇ ਸੁਖ ਤੋਹ ਦਏ ਤੈਸੇ ਰਾਮ ਕੇ ਹਾਥ ਤੇ ਕਾਲ ਕਹਜੋ ਹੋ ॥੭੫

੧. ਖੁਸ਼ਾਮਦ ੨. ਸਮੁੰਦ੍ਰ ੩. ਗਰੁੜ ੪. ਅਗਸਤ ੫. ਗਰਦਨ ੬. ਪੰਘੂੜਾ।

ਪ੍ਰਾਨਉ ਵਾਚ ਬਾਲੀ ਸੋਂ

ਸਵੈਯਾ—ਜੀਵਤ ਹੌਂ ਇਹ ਲੋਕ ਸੁਖੀ ਰਨ ਜੂਝ ਅਬੈ ਸੁਰ ਲੋਕ ਗਏ ॥
ਪਤਿ ਦੇਹ ਛੁਟੀ ਨ ਰਹੇ ਬਿਧਿ ਲੌਂ ਪੁਨ ਲਾਭ ਬਡੋ ਤੁਮ ਰਾਮ ਹਏ ॥
ਪਾਇਨ ਸੰਗ ਨ ਪ੍ਰਾਨ ਦਏ ॥
ਬਿਪਰੀਤਿ ਬਡੀ ਹਮ ਕੋ ਸੁਨ ਨਾਥ ਕੇ ਪਾਇਨ ਸੰਗ ਨ ਪ੍ਰਾਨ ਦਏ ॥
ਅਬ ਅੰਗਦ ਪੂਤ ਸਮੇਤ ਸੁ ਨਾਹ ਕੀ ਛਾਰਿ ਬਿਨਾ ਪਰਧੀਨ ਭਏ ॥੭੬॥
ਅਬ ਅੰਗਦ ਪੂਤ ਸਮੇਤ ਸੁ ਨਾਹ ਕੀ ਛਾਰਿ ਬਿਨਾ ਪਰਧੀਨ ਭਏ ॥੭੬॥

ਅਬ ਹੌਂ ਚਲਯੋ ਅਕਾਸ ਪ੍ਰਾਨ ਕਹਯੋ ਕਪਿਰਾਜ ਸੋਂ ॥
ਸੋਰਠਾ ॥ ਅਬ ਹੌਂ ਚਲਯੋ ਅਕਾਸ ਪ੍ਰਾਨ ਕਹਯੋ ਕਪਿਰਾਜ ਸੋਂ ॥
ਛਾਡਯੋ ਜਸ ਤੁਮ ਪਾਸ ਪੁਨ ਤਾਸੋਂ ਖਿਝ ਕਪਿ ਕਹਿਤ ॥੭੭॥

ਸਵੈਯਾ—ਨਾਰਿ ਛਿਨਾਇ ਦਯੋ ਦੁਖ ਮੋਹਿ ਤੂੰ ਬਾਨਰ ਕਯੋਂ ਤਬਹੀ ਨ ਬਿਚਾਰਯੋ ॥
ਬਾਲੀ ਸੋਂ ਪ੍ਰਾਨ ਚਲਯੋ ਕਹਿ ਬਾਤ ਮਿਲਯੋ ਨਹਿ ਰਾਮਹਿ ਹੌਂ ਨਾ ਉਭਾਰਯੋ ॥
ਜਾਹਿ ਨਹੀਂ ਮੋਹਿ ਔਰ ਬਡੋ ਦੁਖ ਦੇਖਹੁ ਰਾਘਵ ਨਜਾਉ ਸੰਭਾਰਯੋ ॥
ਬੀਰ ਹੂੰ ਤੇ ਹਨੂਮਾਨ ਹੂੰਤੇ ਨਲ ਨੀਲ ਹੂੰਤੇ ਘਟ ਮੋਹਿ ਨਿਹਾਰਯੋ ॥੭੮॥

ਸਵੈਯਾ—ਬਾਲ ਸੰਘਾਰ ਬਲੀ ਅਸੁਰਾਰਿ ਛਡਾਇ ਲੈ ਨਾਰ ਦਈ ਕਪਿ ਰਾਜੈ ॥
ਆਨ ਸਭੈ ਭਟ ਪਾਇ ਪਰੇ ਤਿਨ ਮਧ ਸਿੰਘਾਸਨ ਰਾਮ ਬਿਰਾਜੈ ॥
ਅੰਗਦ ਕੈ ਫਿਰ ਥਾਪ ਤਹੀਂ ਬਨ ਰਾਜ ਦੀਓ (ਦਯੋ) ਭਰ ਨੈਨ ਨ ਲਾਜੈ ॥
ਬੈਰ ਛਡਾਇ ਮਿਲਾਇ ਸੁਗ੍ਰੀਵਹਿ ਬੋਲ ਉਠੇ ਰਘੁਬੀਰ ਸਦਾਜੈ ॥੭੯॥

ਸਵੈਯਾ—ਔਧ ਕਹਾਂ ਨਿਜ ਦੇਸ ਨਰੇਸ ਕਹਾਂ ਪ੍ਰਭੁ ਕੋ ਬਨਬਾਸ ਪਠਾਵੈ ॥
ਕਯੋਂ ਦਸ ਸੀਸ ਹਰੈ ਸੀਅ ਕੋ ਕਹਾਂ ਕੰਚਨ ਕੋ ਮ੍ਰਿਗ ਹ੍ਵੈ ਮੁਨਿ ਧਾਵੈ ॥
ਕਯੋਂ ਸੁਤ ਪੌਨ ਸੋਂ ਪ੍ਰੀਤ ਬਨੈ ਰਘੁਬੀਰ ਕੇ ਪਾਇ ਸੁਗ੍ਰੀਵ ਮਿਲਾਵੈ ॥
ਬਾਲੀ ਮਰੈ ਕਪਿ ਰਾਜ ਕਰੈ ਐਸੀ ਰਾਮ ਬਿਨਾ ਬਿਧਿ ਕੌਨ ਬਨਾਵੈ ॥੮੦॥

ਵੈਯਾ—ਇਤ ਰਾਮ ਸੁਗ੍ਰੀਵ ਸਮੀਰ ਕੇ ਪੂਤਹਿ ਮੋਦ ਬਢਯੋ ਨਿਤ ਨੇਹੁ ਨਯੋ ॥
ਉਤ ਲੈ ਪਹੁੰਚਯੋ ਸੀਅ ਕੋ ਦਸਕੰਧ ਧਸਯੋ ਗੜ੍ਹਲੰਕ ਨਿਸੰਕ ਭਯੋ ॥
ਰਿਖੀ ਗੌਤਮ ਕੋਪ ਕਰਯੋ ਪਹਿਲੇ ਤਿਨ ਰਾਵਨ ਕੋ ਇਹ ਸ੍ਰਾਪ ਦਯੋ ॥
ਬਲ ਸੋਂ ਪਰਨਾਰਿ ਭਜੈਂ ਜਬ ਹੀ ਤਨ ਛਾਰ ਉਡੈ ਕਹਿਕੇ ਸੁ ਗਯੋ ॥੮੧॥

ਕਵਿਉ ਵਾਚ

ਸਵੈਯਾ—ਸੋਈ ਤਾਂ ਡਰ ਤੇ ਡਰਪੈ ਜੀਅ ਮੈ ਨ ਸਕੈ ਛੁਹਿ ਸੋ ਬਲ ਸੋਂ ਕਬਹੀ ॥
ਜਬ ਕਾਮ ਕੋ ਭਾਉ ਧਰੈ ਮਨ ਮੈ ਸਬ ਅੰਗ ਜਰੈਂ ਤ੍ਰਿਨ ਜਯੋਂ ਤਬਹੀ ॥
ਸੀਅ ਰਾਮ ਬਿਨਾ ਸਿਵ ਸਕ੍ਰ ਨ ਪੂਜਤਿ ਸੋ ਜਗ ਜਾਨਤ ਹੈ ਸਬਹੀ ॥
ਜੈਸੇ ਗੰਗ ਚਲੀ ਧਸ ਪੂਰਬ ਕੋ ਫਿਰ ਪਛਮ ਕੋ ਨ ਬਹੀ ਕਬਹੀ ॥੮੨॥

ਸਵੈਯਾ—ਰਾਜ ਸਮਾਜ ਦਿਖਾਇ ਸਬੈ ਸੀਅ ਰਾਵਨ ਤੋ ਬਹੁ ਭਾਂਤ ਨਿਹੋਰੀ ॥
ਭੂਖਨ ਭੌਨ ਭੰਡਾਰਨ ਲੌ ਪਰ ਪਾਇ ਰਹਯੋ ਤਿਨ ਡੀਠ ਨ ਜੋਰੀ ॥
ਜੋ ਅਪਨੇ ਪੀਅ ਰੂਪ ਰਚੀ ਕਵਿ ਰਾਮ ਤਿਨੇ ਰਵਿ ਕੀ ਛਬਿ ਥੋਰੀ ॥
ਛਾਡ ਸਸੀ ਕਬਹੂੰ ਨ ਹਸੀ ਕੁਮਦੀ ਸਰਸੀ ਪਰਸੀ ਨ ਚਕੋਰੀ ॥੮੩॥

ਰਾਵਨਉ ਵਾਚ ਜਾਨਕੀ ਸੋਂ

ਕਬਿੱਤ—ਸੂਰ ਹੂੰ ਨ ਹੇਰੀ ਐਸੀ ਰਾਨੀ ਸਬ ਮੇਰੀ ਸੁਨਿ ਤੇਤੋ ਤੇਰੀ ਚੇਰੀ ਸਬ ਆਜ ਹੀ ਕਰਤ ਹੌਂ ॥ ਦੇਵਨ ਕੀ ਬੇਟੀ ਪਟ ਰੂਪ ਹੂੰ ਲਪੇਟੀ ਰਤਿ ਲੇਟੀ ਜਿਨੈ ਦੇਖ ਮਾਥੇ ਤਿਨ ਕੈ ਧਰਤ ਹੌਂ ॥ ਜਾਨਕੀ ਸਿਆਨੀ ਤੈਂ ਤੋ ਮਹਿਮਾਂ ਹੂ ਨ ਜਾਨੀ ਕਛੁ ਆਪਨੀ ਬਿਰਾਨੀ ਤਾਂਤੇ ਅਧਿਕ ਜਰਤ ਹੌਂ ॥ ਈਸ ਸੀਸ ਚਢੇ ਪੁਨ ਲੈ ਅਸੀਸ ਬਢੇ ਦੇਖ ਤੇਈ ਦਸ ਸੀਸਨ ਸੋਂ ਪਾਇਤੋ ਪਰਤ ਹੌਂ ॥੮੪॥

ਕਬਿੱਤ—ਜੈਸੇ ਅੰਧ ਰੂਪ ਬਿਨ ਗਾਂਠ ਧਨ ਜੂਪ ਕੀ ਜਯੋਂ ਹੀਨ ਗੁਨ ਹੈ ਨ ਆਸ ਕੂਪ ਜਲ ਪਾਨ ਕੀ ॥ ਮੂਕ ਜੈਸੇ ਗਾਨ ਬਿਨ ਹਾਥ ਚਾਪ ਬਾਨ ਬਿਨ ਕਾਨ ਬਹਿਰੇ ਹੂੰ ਕੋ ਆਸ ਹੈ ਨ ਰਾਗ ਤਾਨ ਕੀ ॥ ਚਾਤ੍ਰਿਕ ਜਿਉਂ ਕਾਤਕ ਕੇ ਮੇਘ ਤੇ ਨਿਰਾਸ ਹੋਤ ਜਾਚਕ ਤਜਤ ਆਸ ਕ੍ਰਿਪਨ ਕੇ ਦਾਨ ਕੀ ॥ ਕੌਲੌ ਸਮਝਾਊਂ ਤੋਹਿ ਕਹਾਂ ਲੌ ਬਤਾਊਂ ਐਸੀ ਛਾਡੋ ਰਾਮ ਆਸ ਰਾਜਾ ਜਨਕ ਕੀ ਜਾਨਕੀ ॥੮੫॥

ਸਵੈਯਾ—ਤੂੰ ਗਢ ਲੰਕ ਬਸੀ ਸੁਨ ਜਾਨਕੀ ਜਾਹਿ ਨਿਸੰਕ ਹ੍ਵੈ ਦੇਵ ਨ ਦੇਖੈ ॥
ਮੋਂ ਡਰ ਤੇ ਡਰਪੈ ਸੁਰਰਾਜ ਨ ਸੋਵਤ ਨੈਨ ਲਗਾਇ ਨਿਮੇਖੈ ॥

ਸੂਰ ਸਸੀ ਜਮ ਔਰ ਸਮੀਰ ਨ ਪੀਵਤ ਨੀਰ ਬਿਨਾ ਪਗ ਏਖੈ ॥
ਸੇਵਤ ਪੌਰ ਸਬੈ ਜਬ ਏ ਤਬ ਰਾਮ ਕਹੋ ਤਪਸੀ ਕਿਹ ਲੇਖੈ ॥੮੬॥

ਸਵੈਯਾ—ਅੰਗ ਅਨੰਗ ਗਹੈ ਸੁ ਗਹੈ ਅਰ ਪਛਮ ਗੰਗ ਵਹੀ ਜੀਅ ਆਵੈ ॥
ਸੀਤਲ ਆਗਿ ਕਹੈ ਕੋਊ ਸਾਚ ਗਹੈ ਮ੍ਰਿਗ ਗੋਦ ਲੈ ਸਿੰਘ ਖਿਲਾਵੈ ॥
ਮੇਰੁ ਚਲੈ ਧ੍ਰੂਅ ਸੋਂ ਸੁਨ ਸੁੰਦਰ ਔਰ ਬਸੰਤ ਸਮੀਰ ਜਰਾਵੈ ॥
ਹੋਇ ਬਡੀ ਬਿਪਰੀਤਿ ਸਬੈ ਪਰ ਜਾਨਕੀ ਰਾਮ ਨ ਦੇਖਨ ਪਾਵੈ ॥੮੭॥

ਕਵਿਉ ਵਾਚ ॥

ਸਵੈਯਾ—ਸੋ ਫਿਰ ਉੱਤਰ ਦੇਤ ਨ ਨੈਕ ਦਸਾਨਨ ਕੋ ਅਤਿ ਸੋਚ ਭਯੋ ॥
ਮਨ ਮੈਂ ਕਹੈ ਭੈ ਬਿਨ ਪ੍ਰੀਤਿ ਨਹੀਂ ਬਨ ਮੈ ਕਹ ਆਇਸੁ ਕੋਪ ਦਯੋ ॥
ਤਹ ਰਾਕਸ ਨਾਰਿ ਅਪਾਵਨ ਤਾ ਡਰਪਾਵਨ ਕੋ ਤਹਿ ਸੰਗ ਗਯੋ ॥
ਸੁ ਅਸੋਕ ਬਨੀ ਮਹਿ ਲੰਕ ਧਨੀ ਸੀਅ ਮਾਨਹੁ ਸੋਕ ਕੋ ਬੀਜ ਬੁਯੋ ॥੮੮॥

ਸਵੈਯਾ—ਦਾਂਤਨ ਕਾਢ ਬੁਰੀ ਸਬ ਭਾਂਤਿ ਡਰਾਵਨ ਕੋ ਕੀਓ ਏਕਮ ਤੋਰੀ ॥
ਯਾਹਿ ਚਬਾਹੁ ਬਿਲੰਬ ਕਰਾਇ ਨ ਲੰਕ ਪਤੀ ਸੰਗ ਡੀਠ ਨ ਜੋਰੀ ॥
ਏ ਬਤੀਆਂ ਸੁਨਕੈ ਦਰਕੈ ਛਤੀਆਂ ਪਛਤਾਇ ਕਹੈ ਦ੍ਰਿਗ ਢੋਰੀ ॥
ਰੈਨ ਦਿਨਾ ਪੀਅ ਰਾਮ ਬਿਨਾ ਜੀਅ ਸਾਚ ਕਹੋ ਸੀਅ ਕੋ ਸਭ ਥੋਰੀ ॥੮੯॥

ਸਵੈਯਾ—ਜੀਤ ਸੁਰੇਸ਼ ਮਹੇਸ਼ ਕੋ ਪੂਤ ਗਨੇਸ਼ ਕੋ ਦੰਤ ਉਪਾਰ ਲੀਓ ॥
ਜਮ ਕੋ ਬਸ ਕੈ ਪੁਨ ਬਾਹਨ ਕੋ ਜਿਨ ਤੋਰ [1]ਵਿਖਾਨ ਕੁਵੰਡ ਧੀਓ ॥
ਦਸ ਮੁੰਡਨ ਲੌਂ ਜਿਨ ਦਾਨ ਦੀਯੋ ਸ਼ਿਵ ਕੋ ਛਿਨ ਮਾਹ ਰਿਝਾਇ ਲੀਓ ॥
ਸੋਈ ਰਾਵਨ ਪਾਇ ਰਹਿਓ ਗਹਿ ਤੈਂ ਨ ਉਠਾਇ ਦੁਹੂੰ ਕਰ ਮਾਨ ਦੀਓ ॥੯੦॥

ਸਵੈਯਾ—ਸੋ ਡਰਪਾਇ ਰਹੀ ਬਹੁ ਭਾਂਤਨ ਔਰ ਵਿਭੂਤ ਦਿਖਾਇ ਰਹੀ ॥
ਜੀਅ ਮੈਂ ਸਭ ਜਾਨਤ ਯੌਂ ਠਕੁਰਾਇਤ ਦੀਪ ਸਸੀ ਜੈਸੇ ਹੋਤ ਰਹੀ ॥
ਯਹ ਪੂਰਬ ਪਛਮ ਉਤਰ ਚੌ ਦਿਸ ਦਛਨ ਬਾਤ ਸੁਨੀ ਸਬ ਹੀ ॥
ਕਵਿਰਾਮ ਬਿਨਾਂ ਕਹੂੰ ਏਕ ਛਿਨਾ ਨਲਨੀ ਸੀਅ ਫੂਲਤ ਹੈ ਕਬ ਹੀ ॥੯੧॥

੧. ਸਿੰਗ।

ਸਵੈਯਾ—ਨਾਹ ਬਿਨਾ ਸੀਅ ਜੀਅ ਦੁਖ ਪਾਵਤ ਸੋ ਪੁਨ ਸੀਅ ਬਿਨਾ ਦੁਖ ਪਾਵੈ ॥
ਹੇਤ ਬਡੋ ਦੁਹ ਓਰਨ ਯੌਂ ਸੋਈ ਨੇਹੁ ਤੁਮੈ ਕਵਿ ਰਾਮ ਸੁਨਾਵੈ ॥
ਜਜੋਂ ਛਬਿ ਛੀਨ ਸਸੀ ਬਿਨ ਰੈਨ ਬਿਭਾਵਰੀ ਸਾਵਰੀ ਦੇਹ ਬਨਾਵੈ ॥
ਕਾਲ ਬਤੀਤ ਭਯੋ ਇਹ ਰੀਤ ਸੋ ਕੋਪ ਸੁਗ੍ਰੀਵਹਿ ਰਾਮ ਬੁਲਾਵੈ ॥੯੨॥
ਸੋਰਠਾ—ਸੰਤ ਸੁਨਹੁ ਮਨ ਲਾਇ ਕਥਾ ਜੁ ਕਛੁ ਆਗੇ ਭਈ ॥
ਪਰਸ ਰਾਮ ਕੇ ਪਾਇ ਹਨੂਮਾਨ ਲੰਕਾ ਗਯੋ ॥੯੩॥

ਇਤੀ ਸ੍ਰੀ ਰਾਮਗੀਤੇਂ ਬਾਲੀ ਬਧਿ ਪੰਚਮ ਅੰਕ ॥੫॥

—o—

ਅਥ ਛੇਵਾਂ ਅੰਕ

ਰਾਮਚੰਦ੍ਰਉ ਵਾਚ

ਕਬਿੱਤ—ਦੂਤ ਦੌਰ ਜਾਇ ਸਮਝਾਇ ਲੈ ਲਵਾਇ ਆਇ ਕਾਲ ਇਤ ਬੀਤ੍ਯੋ ਅਬ
ਆਗੈ ਕੋ ਉਪਾਇ ਕੋ। ਰਾਜ ਤੁਮ ਪਾਯੋ ਬਾਲੀ ਸੂਰਗ ਪਠਾਯੋ ਤੁਮੈ
ਬਾਤ ਭੂਲ ਗਈ ਸੁਧ ਸੀਤਾ ਕੀ ਕੋ ਜਾਇ ਕੋ ॥ ਆਪ ਨਹੀਂ ਆਯੋ ਕੋਊ
ਉਤਰ ਪਠਾਯੋ ਨਹੀਂ ਲਾਯੋ ਹੈ ਬਿਲੰਬ ਬੋਲ ਕੀਜੈ ਸਤ ਭਾਇ ਕੋ ॥ ਸੋਏ
ਸੁਖ ਜਾਮਨੀ ਮਿਲੇ ਜ੍ਯੋਂ ਘਨ ਦਾਮਨੀ ਹੋ ਕਾਮਨੀ ਕੋ ਪਾਇ ਕਾਮ ਭੂਲ੍ਯੋ
ਰਘੁਰਾਇ ਕੋ ॥੧॥

ਸਵੈਯਾ—ਬਾਤ ਸੁਨੇ ਕਪਿਰਾਇ ਰਹ੍ਯੋ ਚਕਰਾਜ ਸਮਾਜ ਲਏ ਸੰਗ ਆਯੋ ॥
ਦੇਖਤ ਹੀ ਮੁਸਕਾਇ ਦਯੋ ਪ੍ਰਭੁ ਦੌਰ ਕੈ ਪਾਇਨ ਸੀਸ ਨਿਵਾਯੋ ॥
ਸੰਗ ਲਏ ਨਲ ਨੀਲ ਹਨੂ ਕਪ ਕੋਟਨ ਕੋਟਨ ਝੁੰਡ ਮਿਲਾਯੋ ॥
ਛਾਡਿ ਬਿਲੰਬ ਕਹ੍ਯੋ ਅਬ ਹੀ ਸੀਅ ਸੋਧ ਜਟਾਊ ਕਹਾਂ ਹੈ ਬਤਾਯੋ ॥੨॥

ਸਵੈਯਾ—ਸ੍ਰੀ ਰਘੁਬੀਰ ਕਹੀ ਭੁਜ ਦੰਡ ਉਠਾਇ ਅਖੰਡਲ ਜ੍ਯੋਂ ਬਲ ਸੈ ॥
ਤੁਮ ਮੋ ਬਲਵੰਡ ਪ੍ਰਚੰਡ ਮਹਾਂ ਕਪਿ ਕੋ ਜੁ ਨਿਸੰਕ ਹ੍ਵੈ ਲੰਕ ਧਸੈ ॥
ਰਨਮੰਡ ਘਮੰਡ ਨ ਪੰਡ ਕਰੈ ਮੁਖ ਪੈ ਜਬ ਸਾਰ ਕੀ ਧਾਰ ਲਸੈ ॥
ਕਪਿਰਾਜ ਕਹੀ ਸੋਇ ਏਕ ਹਨੂ ਜੋ ਕ੍ਰਿਪਾ ਕਰ ਯਾ ਤਨ ਰਾਮ ਹਸੈ ॥੩॥

ਸੁਗ੍ਰੀਵਉ ਵਾਚ ਰਾਮਚੰਦ੍ਰ ਸੋਂ

ਕਬਿੱਤ—ਹਨੂ ਪ੍ਰਭ ਸੇਵਕਨ ਨੌਤਨ ਹੈ ਨਾਥ ਯਹ ਅੰਜਨੀ ਕੋ ਪੂਤ ਹੈ ਸਪੂਤ ਮਨ
[1]ਪੂਤਕੀ ॥ ਚਢੇ ਰਨ ਰੋਖ ਪਕੇ ਤੂਤ ਸੇ ਗਿਰਾਵੈ ਅਰਿ ਏਕ ਬਾਰ ਬਾਗ
ਜਾਇ ਗਹੈ ਪੁਰਹੂਤ ਕੀ ॥ ਪਰੇ ਦੁਖ ਪਾਰ ਕਰੇ ਬੀਰਨ ਕੇ ਕਾਮ ਰਘੁਰਾਇ
ਕੇ ਸਹਾਇ ਕਰਬੇ ਕੋ ਬਡੋ ਕੂਤ ਕੀ ॥ ਸੀਤਾ ਸੋਧ ਲਜਾਇਬੇ ਕੋ ਸਿੰਧੁ

ਵੱਡ੍ਰ।

ਫਾਂਧ ਜਾਇਬੇ ਕੋ ਪਾਇਕ ਸੋ ਰਾਮ ਜਹ ਲਾਇਕ ਹੈ ਦੂਤ ਕੀ ॥੪॥

ਕਬਿੱਤ—ਔਰ ਚਹੂੰ ਓਰ ਕੋ ਪਠਾਊਂ ਕਪਿ ਜੂਥ ਸੀਅ ਸੋਧ ਕੋ ਮੰਗਾਊਂ ਤਬ ਕੰਠ
ਪਾਨੀ ਧਸ ਹੈ ॥ ਕੌਨ ਮੰਦ ਭਾਗੀ ਸੁਨ ਰਾਮ ਕਾਮ ਬੈਠ ਰਹੈ ਆਪਨੇ
ਹੀ ਹਾਥ ਕਟਿ ਆਪਨੀ ਨ ਕਸ ਹੈ ॥ ਲੰਕ ਗਾਢ ਜੈਬੇ ਕੋ ਨਿਸੰਕ ਲੰਕ
